ਜਾ ਕਉ ਹਰਿ ਰੰਗੁ ਲਾਗੋ ਇਸ ਜੁਗ ਮਹਿ ਸੋ ਕਹੀਅਤ ਹੈ ਸੂਰਾ ॥ (2)


ਮਾਸਕ ੴ ਪੱਤਰ

ਵਾਹਿਗੁਰੂ ਜੀ ਕੀ ਫ਼ਤਹ ॥


# ਸੂਰਾ


ਪਟਿਆਲਾ


ੴ

## ਗੁਰਪੁਰਵਾਸੀ

## ਭਾ: ਸਾਹਿਬ ਭਾ: ਰਣਧੀਰ ਸਿੰਘ ਜੀ

## ਦੀ ਇਕ ਪੁਰਾਤਨ ਯਾਦ


ੴ

ੴ


ਮਹੀਨਾ ਜੁਲਾਈ ੧੯੬੯

July 1969


ੴ




www.AKJ.Org

# * ਲੇਖ ਸੂਚੀ *


| ਨੰ: | ਲੇਖ | ਪੰਨਾ | ਲੇਖਕ |
|---|---|---|---|
| ੧ | ਗੁਰੂ ਨਾਨਕ ਸ਼ਤਾਬਦੀ ਦੇ ਪਿਛੋਂ | ੪ | ਸੰਪਾਦਕ |
| ੨ | ਮੂਰਖ ਕੌਣ ਹੈ ? | ੭ | ਭਾ: ਸਾਹਿਬ ਭਾਈ ਰਣਧੀਰ ਸਿੰਘ ਜੀ |
| ੩ | ਅਸੀਂ ਕਿਧਰ ਜਾ ਰਹੇ ਹਾਂ ? | ੧੨ | ਗਿ: ਜਸਮੇਰ ਸਿੰਘ ਜੀ 'ਪਾਲ' ਚੰਡੀਗੜ੍ਹ |
| ੪ | ਤੀਨ ਰੂਪ ਹੈਂ ਮੋਹਿਨੇ ਸੁਣੋ ਨੰਦ ਚਿਤ ਲਾਏ । | ੧੭ | ਭਾਈ ਮਨਜੀਤ ਸਿੰਘ ਜੀ ਰਾਵਤ ਭਾਟਾ ਕੋਟਾ |
| ੫ | ਬੱਝ | ੨੧ | ਪ੍ਰਿੰਸੀਪਲ ਮੇਹਰ ਸਿੰਘ ਜੀ ਡੇਹਰਾਦੂਨ |
| ੬ | ਕੌਮ ਦੇ ਲੀਡਰਾਂ ਨੂੰ | ੨੬ | ਭਾਈ ਮਨਮੋਹਨ ਸਿੰਘ ਜੀ ਬੁਤਾਲਾ |
| ੭ | ਵੈਦ ਰੋਗੀਆਂ ਦਾ | ੩੦ | ਬੀਬੀ ਸਤਵੰਤ ਕੌਰ ਡੇਹਰਾਦੂਨ |
| ੮ | ਸਿੱਖੀ ਪ੍ਰਚਾਰ ਕਿਵੇਂ ਹੋਵੇ ? | ੩੧ | ਭਾਈ ਜਗਤਾਰ ਸਿੰਘ ਜੀ ਕੋਟਾ |
| ੯ | ਗੁਰਮਤਿ ਪ੍ਰਚਾਰ ਦਾ ਸਭ ਤੋਂ ਉਚਾ ਤੇ ਨਿਰਾਲਾ ਢੰਗ | ੩੫ | ਭਾਈ ਸੋਹਣ ਲਾਲ ਸਿੰਘ ਜੀ ਬਨਾਰਸ |
| ੧੦ | ਗੁਰਸਿਖ ਮੀਤ | ੩੭ | ਗਿ: ਦਲਜੀਤ ਸਿੰਘ ਜੀ ਨਾਸਿਕ |
| ੧੧ | ਹਉਮੈ ਦੀਰਘੁ ਰੋਗ ਹੈ | ੪੦ | ਭਾਈ ਕਰਮ ਸਿੰਘ ਜੀ 'ਭੰਡਾਰੀ' ਬਰਨਾਲਾ |
| ੧੨ | ਅਨਮੋਲ ਰਤਨ | ੪੩ | ਸੰਗ੍ਰਹਿ ਕਰਤਾ ਭਾ: ਮਨਮੋਹਨ ਸਿੰਘ ਜੀ ਪਟਨਾ |
| ੧੩ | ਗੁਰਮਤਿ ਦੇ ਝਰੋਖੇ ਤੋਂ . | ੪੭ | ਇਕ ਗੁਰਮਤਿ ਖੋਜੀ ਦੀ ਕਲਮ ਤੋਂ |


## ਗੁਰਮੁਖ ਪਿਆਰਿਆਂ ਵਲੋਂ 'ਸੂਰਾ' ਨੂੰ ਸਹਾਇਤਾ

| | |
|---|---|
| ਭਾਈ ਵਰਿਆਮ ਸਿੰਘ | 2-00 |
| ਇਕ ਪਿਆਰਾ ਰਾਹੀਂ ਭਾਈ ਸੁਰਜੀਤ ਸਿੰਘ ਜੀ ਪਟਿਆਲਾ | 15-00 |
| ਭਾ: ਅਵਤਾਰ ਸਿੰਘ ਜੀ ਮੁਗਲ ਸਰਾਏ | 10-00 |
| ਗਿਆਨੀ ਅਮਰ ਸਿੰਘ ਜੀ ਭਰੋਵਾਲ ਕਲਾਂ | 30-00 |
| ਗੁਪਤ (ਗੁਰਮੁਖ ਪਿਆਰਾ) | 51-00 |
| ਭਾਈ ਕੀਮਤ ਸਿੰਘ ਜੀ ਗਾਂਧੀ ਧਾਮ | 2-50 |
| ਭਾਈ ਰਾਮ ਸਿੰਘ ਜੀ ਦੋਰਾਹਾ ਮੰਡੀ | 21-00 |

## ਮਾਸਕ-ਪੱਤਰ 'ਸੂਰਾ' ਦਾ ਸਾਲਾਨਾ ਚੰਦਾ

| | |
|---|---|
| ਦੇਸ਼ | 7 ਰੁਪਏ |
| ਪ੍ਰਦੇਸ਼ | 12 ਰੁਪਏ ਸਮੁੰਦਰੀ ਡਾਕ |
| ਪ੍ਰਦੇਸ਼ | 36 ਰੁਪਏ ਹਵਾਈ ਡਾਕ |
| ਲਾਈਫ਼ ਮੈਂਬਰ 150 ਰੁਪਏ | ਪ੍ਰਤੀ ਕਾਪੀ 70 ਪੈਸੇ |

www.AKJ.Org

# ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ ਸੋ ਕਹੀਅਤ ਹੈ ਸੂਰਾ ॥




## ਗੁਰਮਤਿ ਪ੍ਰਚਾਰਕ ਮਾਸਕ ਪੱਤਰ


'ਸੂਰਾ' ਪਟਿਆਲਾ ਵਿਦਿਆ ਵਿਭਾਗ ਪੰਜਾਬ ਵਲੋਂ ਕਾਲਜਾਂ, ਸਕੂਲਾਂ ਅਤੇ ਸਮਾਜਿਕ ਸਿਖਿਆ ਕੇਂਦਰਾਂ ਲਈ ਚਿਠੀ ਨੰ: 3/70-68-4-(ਅ.ਪ.) ਮਿਤੀ 17-10-68-ਨੂੰ ਪ੍ਰਵਾਨ ਕੀਤਾ ਗਿਆ ਹੈ ।

ਜਿਲਦ ਨੰ: ੪ ] ਹਾੜ–ਸਾਵਣ ੫੦੦ ਨਾਨਕ ਸ਼ਾਹੀ [ ਅੰਕ ਨੰ: ੬


ਸਾਵਣਿ ਸਰਸੀ ਕਾਮਣੀ ਚਰਣ ਕਮਲ ਸਿਉ ਪਿਆਰੁ ॥
ਮਨੁ ਤਨੁ ਰਤਾ ਸਚ ਰੰਗਿ ਇਕੋ ਨਾਮੁ ਅਧਾਰੁ ॥
ਬਿਖਿਆ ਰੰਗ ਕੂੜਾਵਿਆ ਦਿਸਨਿ ਸਭੇ ਛਾਰੁ ॥
ਹਰਿ ਅੰਮ੍ਰਿਤ ਬੂੰਦ ਸੁਹਾਵਣੀ ਮਿਲਿ ਸਾਧੂ ਪੀਵਣਹਾਰੁ ॥
ਵਣੁ ਤ੍ਰਿਣੁ ਪ੍ਰਭ ਸੰਗਿ ਮਉਲਿਆ ਸੰਮ੍ਰਥ ਪੁਰਖ ਅਪਾਰੁ ॥
ਹਰਿ ਮਿਲਣੈ ਨੋ ਮਨੁ ਲੋਚਦਾ ਕਰਮਿ ਮਿਲਾਵਣਹਾਰੁ ॥
ਜਿਨੀ ਸਖੀਏ ਪ੍ਰਭੁ ਪਾਇਆ ਹਉ ਤਿਨ ਕੈ ਸਦ ਬਲਿਹਾਰ ॥
ਨਾਨਕ ਹਰਿ ਜੀ ਮਇਆ ਕਰਿ ਸਬਦਿ ਸਵਾਰਣਹਾਰੁ ॥
ਸਾਵਣੁ ਤਿਨਾ ਸੁਹਾਗਣੀ ਜਿਨ ਰਾਮ ਨਾਮੁ ਉਰਿ ਹਾਰੁ ॥
(ਬਾਰਹਮਾਹਾ ਮਾਝ ਮ: ੫ ਘਰੁ ੪)


ਮੁਖ ਸੰਪਾਦਕ :
ਪਿਆਰਾ ਸਿੰਘ


## ਜੁਲਾਈ ੧੯੬੯


ਆਨਰੇਰੀ ਸੰਪਾਦਕ :
ਮਨੋਹਰ ਸਿੰਘ



ਸੂਰਾ ਪ੍ਰਿੰਟਿੰਗ ਪ੍ਰੈਸ, ਰਾਘੋਮਾਜਰਾ, ਪਟਿਆਲਾ ਤੋਂ ਅਖੰਡ ਕੀਰਤਨੀ ਜਥਾ, ਪਟਿਆਲਾ ਲਈ ਮਨੋਹਰ ਸਿੰਘ ਐਡੀਟਰ, ਪ੍ਰਿੰਟਰ ਤੇ ਪਬਲਿਸ਼ਰ ਨੇ ਛਪਵਾ ਕੇ ਦਫਤਰ "ਸੂਰਾ" ਰਾਘੋਮਾਜਰਾ, ਪਟਿਆਲਾ ਤੋਂ ੫ ਜੁਲਾਈ ਨੂੰ ਪ੍ਰਕਾਸ਼ਤ ਕੀਤਾ ।



www.AKJ.Org




# ਗੁਰੂ ਨਾਨਕ ਸ਼ਤਾਬਦੀ ਦੇ ਪਿਛੋਂ

ਅਸੀਂ ਕਿੰਨੇ ਵਡਭਾਗੀ ਹਾਂ ਵੀਹਵੀਂ ਸਦੀ ਵਿਚ ਮਨੁਖਾ ਜਨਮ ਲੈ ਕੇ ਗੁਰੂ ਨਾਨਕ ਸਾਹਿਬ ਦਾ ਪੰਜ ਸੋ ਸਾਲਾ ਜਨਮ ਉਤਸ਼ਵ ਮਨਾ ਰਹੇ ਹਾਂ। ਸਭ ਜੀਵ ਜੰਤ ਧੰਨ ਹਨ ਜੋ ਇਸ ਸਾਲ ੧੯੬੯ ਵਿਚ ਜੀਉ ਰਹੇ ਹਨ। ਸਭ ਮਾਈ ਭਾਈ ਧੰਨਤਾ ਯੋਗ ਹਨ ਜਿਨ੍ਹਾਂ ਨੇ ਸਾਰਾ ਸਾਲ ਧੰਨ ਗੁਰੂ ਨਾਨਕ, ਧੰਨ ਗੁਰੂ ਨਾਨਕ ਦੀ ਆਵਾਜ਼ ਆਪਣੇ ਕੰਨਾਂ ਨਾਲ ਸੁਣਨੀ ਹੈ, ਆਪਣੇ ਮੁਖ ਨਾਲ ਧੰਨ ਗੁਰੂ ਨਾਨਕ ਉਚਾਰਨਾ ਹੈ, ਆਪਣਾ ਸੀਸ ਧੰਨ ਗੁਰੂ ਨਾਨਕ ਕਹਿ ਕੇ ਝੁਕਾਉਣਾ ਹੈ।

ਇਸ ਗੁਰੂ ਨਾਨਕ ਉਤਸਵ ਉਤੇ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੇ ਅਖੰਡ ਪਾਠ ਹੋ ਰਹੇ ਹਨ। ਲਖਾਂ ਕਿਤਾਬਾਂ ਹਜ਼ਾਰਾਂ ਬੋਲੀਆਂ ਵਿਚ ਛਪਾਈਆਂ ਜਾ ਰਹੀਆਂ ਹਨ। ਲਖਾਂ ਜੀਵਾਂ ਨੂੰ ਅਰੋਗਤਾ ਦਾਨ ਦਿਤਾ ਜਾ ਰਿਹਾ ਹੈ। ਲਖਾਂ ਜੀਵਾਂ ਨੂੰ ਨੇਤਰ ਦਾਨ ਦਿਤਾ ਜਾ ਰਿਹਾ ਹੈ। ਹਜ਼ਾਰਾਂ ਤੇ ਲਖਾਂ ਰੁਪੈ ਖਰਚ ਕੇ ਲਾਇਬਰੇਰੀਆਂ ਖੋਲ੍ਹੀਆਂ ਜਾ ਰਹੀਆਂ ਹਨ। ਲਖਾਂ ਭੇਖਾਰੀ ਗੁਰੂ ਨਾਨਕ ਦਾ ਨਾਮ ਲੈ ਕੇ ਦਾਨ ਲੈ ਰਹੇ ਹਨ। ਲਖਾਂ ਦਾਨੀ ਗੁਰੂ ਨਾਨਕ ਦਾ ਨਾਮ ਲੈ ਕੇ ਦਾਨ ਦੇ ਰਹੇ ਹਨ। ਹਜ਼ਾਰਾਂ ਸਕੂਲ ਕਾਲਜ ਖੋਲੇ ਜਾ ਰਹੇ ਹਨ। ਇਹ ਸਾਰਾ ਕੁਝ ਇਸ ਲਈ ! ਕਿਉਂਕਿ ਗੁਰੂ ਨਾਨਕ ਸਭ ਦਾ ਸਾਂਝਾ ਹੈ। ਕਿਉਂਕਿ ਗੁਰੂ ਨਾਨਕ ਨੇ ਲਖਾਂ ਜੀਆਂ ਨੂੰ ਜੀਅ ਦਾਨ ਦਿਤਾ।

ਕਿਉਂਕਿ ਗੁਰੂ ਨਾਨਕ ਨੇ ਮਿਠੀ ਬਾਣੀ ਰਾਹੀਂ ਹਜ਼ਾਰਾਂ ਜੀਵਾਂ ਜੰਤਾਂ ਦੇ ਪਾਪ ਨੂੰ ਬਦਲਿਆ। ਕਿਉਂਕਿ ਗੁਰੂ ਨਾਨਕ ਨੇ ਹਜ਼ਾਰਾਂ ਜੀਵਾਂ ਜੰਤਾਂ ਨੂੰ ਜੀਵਨ ਸੇਧ ਦੇ ਕੇ ਸਫ਼ਲ ਜੀਵਨ ਜੀਉਣ ਦਾ ਢੰਗ ਦਸਿਆ।

ਭਾਵੇਂ ਅਸਾਂ ਸਾਰਿਆਂ ਨੇ ਗੁਰੂ ਨਾਨਕ ਮਿਸ਼ਨ ਦਾ ਹੀ ਪ੍ਰਚਾਰ ਕਰਨਾ ਹੈ ਜੋ ਗੁਰੂ ਨਾਨਕ ਨੇ ਸਾਰੀ ਉਮਰ ਕੀਤਾ। ਪਰ ਮੇਰੇ ਭਾਈ ਜਨੋਂ! ਗੁਰੂ ਨਾਨਕ ਲੇਵਾ ਜਨੋਂ! ਗੁਰੂ ਨਾਨਕ ਪੰਜ ਸੌ ਸਾਲਾ ਉਤਸ਼ਵ ਮਨਾਉਣ ਪਿਛੋਂ ਅਮਲੀ ਨਤੀਜਾ ਇਉਂ ਦੇਖਿਆ ਜਾਵੇਗਾ —

1. ਭਾਰਤ ਦੇ 50 ਕਰੋੜ ਬੰਦਿਆਂ ਵਿਚੋਂ ਕਿੰਨੇ ਬੰਦੇ ਗੁਰੂ ਨਾਨਕ ਦੇਵ ਜੀ ਦੇ ਜੀਵਨ ਦੀ ਵਾਕਫ਼ੀ ਰਖਦੇ ਹਨ।
2. ਕਿੰਨੇ ਜੀਵ ਗੁਰੂ ਨਾਨਕ ਦੀ ਬਾਣੀ ਵਿਚੋਂ ਆਤਮਕ ਸੁਆਦ ਲੈਂਦੇ ਹਨ।
3. ਕਿੰਨੇ ਜੀਵ ਹੱਕ ਦੀ ਕਮਾਈ ਕਰਨ ਲਈ ਪ੍ਰੇਰੇ ਜਾਂਦੇ ਹਨ ਅਤੇ ਪਰਾਏ ਹੱਕ ਨੂੰ ਬਿਖਿਆ ਜਾਣਦੇ ਹਨ।
4. ਕਿੰਨੇ ਨੌਜਵਾਨ ਇਹ ਪ੍ਰਣ ਕਰਦੇ ਹਨ ਕਿ ਅਸੀਂ ਤਨ ਮਨ ਨੂੰ ਅਰੋਗ ਬਣਾ ਕੇ ਗੁਰੂ ਨਾਨਕ ਦੇ ਮਿਸ਼ਨ ਦਾ ਪਰਚਾਰ ਕਰਾਂਗੇ।
5. ਕਿੰਨੇ ਨੌਜਵਾਨ ਗੰਦੇ ਤੇ ਇਸ਼ਕੀਆ ਸਿਨਮੇ ਦੇਖਣ ਤੋਂ ਤੋਬਾ ਕਰਦੇ ਹਨ।
6. ਕਿੰਨੇ ਨੌਜਵਾਨ ਸ਼ਰਾਬ ਤੇ ਹੋਰ ਨਸ਼ੇ ਨਾ ਵਰਤਣ ਦਾ ਪ੍ਰਣ ਕਰਦੇ ਹਨ।
7. ਕਿੰਨੇ ਨੌਜਵਾਨ ਕੇਸ ਦਾੜ੍ਹੀ (ਰੋਮਾਂ) ਵਲੋਂ ਸਾਬਤ*



www.AKJ.Org

# ਪੰਜ ਸੌ ਸਾਲਾ ਗੁਰੂ ਨਾਨਕ ਪ੍ਰਕਾਸ਼ ਪੁਰਬ

ਸਮੂੰਹ ਪਾਠਕਾਂ ਅਤੇ ਸੰਗਤਾਂ ਨੂੰ ਇਹ ਜਾਣਕੇ ਖੁਸ਼ੀ ਹੋਵੇਗੀ ਕਿ ਹਮੇਸ਼ ਵਾਂਗ ਇਸ ਸਾਲ ਭੀ ਕਤਕ ਪੂਰਨਮਾਸ਼ੀ ਦਾ ਗੁਰਪੁਰਬ ਜਲੰਧਰ ਸ਼ਹਿਰ ਵਿਖੇ ਮਨਾਇਆ ਜਾ ਰਿਹਾ ਹੈ। ਪਰ ਇਸ ਸਾਲ ਦਾ ਕੀਰਤਨ ਸਮਾਗਮ ਪਿਛਲੇਰੇ ਸਾਲਾਂ ਦੇ ਸਮਾਗਮਾਂ ਨਾਲੋਂ ਵਧ ਚੜ੍ਹ ਕੇ ਮਨਾਉਣ ਦਾ ਸੰਗਤਾਂ ਵਿਚ ਉਤਸ਼ਾਹ ਹੈ ਕਿਉਂਕਿ ਇਹ ਪੰਜ ਸੌਵੀਂ ਸ਼ਤਾਬਦੀ ਦਾ ਸੁਭਾਗ ਪੁਰਬ ਹੈ।

ਸਮਾਗਮ ਪੰਜ ਦਿਨ ਹੋਵੇਗਾ ਅਤੇ ਇਸਦਾ ਪਹਿਲਾ ਚਰਨ 19. 11. 69 ਨੂੰ "ਦਿਵਸ-ਸੁਹੇਲਾ" ਦੀਆਂ ਘੁਮਰਾਂ ਨਾਲ ਸ੍ਰੀ ਸੁਲਤਾਨਪੁਰ ਲੋਧੀ ਵਿਖੇ ਵੇਈਂ ਨਦੀ ਦੇ ਮੁਬਾਰਕ ਕੰਢੇ ਤੋਂ ਆਰੰਭ ਹੋਵੇਗਾ। ਬਾਕੀ ਦੇ ਚਾਰ ਦਿਨਾਂ ਦਾ ਵੇਰਵਾ ਫੇਰ ਦਿਤਾ ਜਾਵੇਗਾ ਜੋ 'ਸੂਰਾ' ਰਾਹੀਂ ਸੰਗਤਾਂ ਤਕ ਪਹੁੰਚਾਇਆ ਜਾਏਗਾ।

ਸਮੂੰਹ ਗੁਰੂ ਪਿਆਰਿਆਂ, ਕੀਰਤਨ ਰਸੀਆਂ ਤੇ ਕੀਰਤਨੀਏ ਵੀਰਾਂ ਭੈਣਾਂ ਅਗੇ ਜੋਦੜੀ ਹੈ ਕਿ ਉਹ ਹੁਣ ਤੋਂ ਹੀ ਗੁਰੂ ਮਹਾਰਾਜ ਜੀ ਦੇ ਸੋਹਣੇ ਸੋਹਣੇ ਪੁਰਬ ਮਨਾਉਣ ਲਈ ਆਪਣੀ ਤਿਆਰੀ ਆਰੰਭ ਦੇਣ। ਸਮਾਗਮ ਲਈ ਲੁੜੀਂਦੀਆਂ ਛੁਟੀਆਂ ਹੁਣ ਤੋਂ ਹੀ ਰੀਜ਼ਰਵ ਕਰਨ। ਅਤੇ ਸਮੂੰਹ ਕੀਰਤਨੀਆਂ ਵੀਰਾਂ ਭੈਣਾਂ ਅਗੇ ਖਾਸ ਬੇਨਤੀ ਹੈ ਕਿ ਉਹ ਪੰਜੇ ਦਿਨ ਸਮਾਗਮਾਂ ਦੇ ਅਰੰਭ ਤੋਂ ਅੰਤ ਤਕ ਹਾਜ਼ਰੀਆਂ ਭਰਕੇ ਸੰਗਤਾਂ ਨੂੰ ਨਿਹਾਲ ਕਰਨ ਅਤੇ ਸਤਿਗੁਰੂ ਜੀ ਦੀਆਂ ਖੁਸ਼ੀਆਂ ਪ੍ਰਾਪਤ ਕਰਨ।

ਜਗ੍ਹਾ ਜਗ੍ਹਾ ਕਾਇਮ ਅਖੰਡ ਕੀਰਤਨੀ ਜਥਿਆਂ ਦੀ ਸੇਵਾ ਵਿਚ ਭੀ ਬੇਨਤੀ ਹੈ ਕਿ ਇਸ ਮਹਾਨ ਪੰਜ ਸੌ ਸਾਲਾ ਸ਼ਤਾਬਦੀ ਪੁਰਬ ਦੇ ਇਸ ਸਮਾਗਮ ਨੂੰ ਇਕੇ ਅਸਥਾਨ ਤੇ ਰਲ ਕੇ ਮਨਾਉਣ ਵਿਚ ਪੂਰਾ ਪੂਰਾ ਮਿਲ-ਵਰਤਣ ਦੇਣ ਅਤੇ ਇਹਨਾਂ ਤਰੀਕਾਂ ਵਿਚ ਹੋਰ ਕਿਤੇ ਵੀ ਸਮਾਗਮ ਨਾ ਰਖਣ ਤਾਂ ਜੋ ਸਮੂੰਹ ਸੰਗਤਾਂ ਇਕੋ ਹੀ ਸੋਮੇ ਤੋਂ ਰਸ ਭੁੰਚ ਸਕਣ।

– ਗੁਰੂ ਪੰਥ ਦੇ ਦਾਸ –
ਅਖੰਡ ਕੀਰਤਨੀ ਜਥਾ,
ਜਲੰਧਰ।

---

*ਸੂਰਤ ਰਹਿਣ ਦਾ ਸੰਕਲਪ ਧਾਰਦੇ ਹਨ।

8. ਕਿੰਨੇ ਨੌਜਵਾਨ ਲੋਕ-ਦੁਸ਼ਮਣ ਸਰਕਾਰ ਨੂੰ ਬਦਲ ਕੇ ਸਮਾਜਵਾਦੀ ਸਰਕਾਰ ਬਨਾਉਣ ਲਈ ਪ੍ਰਚਾਰ ਕਰਨ ਦਾ ਲੱਕ ਬੰਨ੍ਹਦੇ ਹਨ।

9. ਕਿੰਨੇ ਨੌਜਵਾਨ ਜੀਵਨ ਦਾ ਸਹੀ ਰਸਤਾ ਅਪਨਾ ਕੇ ਇਹ ਪ੍ਰਣ ਕਰਦੇ ਹਨ ਕਿ ਅਸੀਂ ਧਰਮ ਦੇ ਨਾਂ ਉਤੇ ਠਗਣ ਵਾਲੇ ਪਾਖੰਡੀ ਗੁਰੂਆਂ ਦਾ ਭਾਂਡਾ ਚੁਰਾਹੇ ਵਿਚ ਭੰਨਾਂਗੇ।

10. ਕਿੰਨੇ ਨੌਜਵਾਨ ਇਸ ਸ਼ੁਭ ਕਾਰਜ ਲਈ ਕਮਰ-ਕੱਸੇ ਕਰਦੇ ਹਨ ਕਿ ਸਾਰੀ ਦੁਨੀਆਂ ਵਿਚ ਸੱਚ ਦਾ ਬੋਲ-ਬਾਲਾ ਕਰਾਂਗੇ ਤੇ ਕੂੜ ਨੂੰ ਡੂੰਘੇ ਸਮੁੰਦਰ ਵਿਚ ਡੋਬਾਂਗੇ।

11. ਕਿੰਨੇ ਨੌਜਵਾਨ ਤਮਾਕੂ ਵਰਗੀਆਂ ਚੀਜ਼ਾਂ ਨਾ ਵਰਤਣ ਦਾ ਹੌਂਸਲਾ ਕਰਦੇ ਹਨ ਤੇ ਪਬਲਿਕ ਅਸਥਾਨਾਂ ਉਤੇ ਇਸਨੂੰ ਨਾ ਵਰਤਣ ਦੀ ਜ਼ੋਰਦਾਰ ਮੁਹਿੰਮ ਚਲਾਉਂਦੇ ਹਨ।



www.AKJ.Org

## ਗੁਰੂ ਨਾਨਕ ਪੰਜ ਸੌ ਸਾਲਾ ਪ੍ਰਕਾਸ਼ ਉਤਸ਼ਵ ਦੇ ਸਬੰਧ ਵਿਚ

# ਅਖੰਡ ਕੀਰਤਨ ਸਮਾਗਮ ਅੰਬਾਲਾ ਛਾਉਣੀ

ਸਰਬਤ ਗੁਰਮੁਖ ਪਿਆਰਿਆਂ ਨੂੰ ਜੋਦੜੀ ਕੀਤੀ ਜਾਂਦੀ ਹੈ ਕਿ ਗੁਰੂ ਨਾਨਕ ਪੰਜ ਸੌ ਸਾਲਾ ਦੇ ਸਬੰਧ ਵਿਚ ਅਖੰਡ ਕੀਰਤਨ ਸਮਾਗਮ ਹੋ ਰਹੇ ਹਨ। ਨਿਮ੍ਰਤਾ ਸਹਿਤ ਬੇਨਤੀ ਹੈ ਕਿ ਕੋਈ ਕੀਰਤਨੀ ਜਥਾ ਜਾਂ ਕੋਈ ਵੀਰ ਇਹਨਾਂ ਤਾਰੀਖਾਂ ਵਿਚ ਹੋਰ ਕੋਈ ਸਮਾਗਮ ਨਾ ਰਖਣ ਤਾਂ ਜੋ ਸਮੂੰਹ ਸੰਗਤਾਂ ਇਕੋ ਹੀ ਸੋਮੇਂ ਤੋਂ ਰਸ ਭੁੰਚ ਸਕਣ।

ਦਾਸਰੇ–ਨਿਰਬਾਣ ਕੀਰਤਨੀ ਜਥਾ, ਅੰਬਾਲਾ ਛਾਉਣੀ।

## ਪਰੋਗਰਾਮ

| | | |
|---|---|---|
| 12-8-69 | ਅਰੰਭ ਸ੍ਰੀ ਅਖੰਡ ਪਾਠ ਸਵੇਰੇ 7 ਵਜੇ | ਗੁਰਦਵਾਰਾ ਗੋਬਿੰਦ ਨਗਰ ਅੰਬਾਲਾ ਛਾਉਣੀ। |
| 14-8-69 | ਭੋਗ ਸ੍ਰੀ ਅਖੰਡ ਪਾਠ ਤੇ ਉਪ੍ਰੰਤ ਕੀਰਤਨ | ,, ,, |
| 14-8-69 | ਸ਼ਾਮ 7-30 ਤੋਂ 10 ਤਕ | ਗੁਰਦਵਾਰਾ ਰੇਲਵੇ ਕਾਲੋਨੀ ਅੰਬਾਲਾ ਛਾਉਣੀ। |
| 15-8-69 | ਸਵੇਰੇ 5 ਤੋਂ 12 ਤਕ | ਪੰਜਾਬੀ ਗੁਰਦਵਾਰਾ ਅੰਬਾਲਾ ਛਾਉਣੀ। |
| 15-8-69 | ਸ਼ਾਮ 6 ਤੋਂ 10 ਤਕ | ਗੁ: ਰਜਮੈਂਟ ਬਾਜ਼ਾਰ ਅੰਬਾਲਾ ਛਾਉਣੀ। |
| 16-8-69 | ਸਵੇਰੇ 5 ਤੋਂ 12 ਤਕ | ਗੁ: ਮੰਜੀ ਸਾਹਿਬ ਅੰਬਾਲਾ ਸ਼ਹਿਰ (ਇਤਿਹਾਸਕ ਗੁ: ਛੇਵੀਂ, ਨਾਵੀਂ ਤੇ ਦਸਵੀਂ ਪਾਤਸ਼ਾਹੀ) |

## ਰੈਣ-ਸਬਾਈ

| | | |
|---|---|---|
| 16-8-69 | ਰਾਤ 8 ਵਜੇ ਅਰੰਭ | ਗੁਰਦਵਾਰਾ ਗੋਬਿੰਦ ਨਗਰ, ਅੰਬਾਲਾ ਛਾਉਣੀ। |
| 17-8-69 | ਭੋਗ ਰੈਣ ਸਬਾਈ ਸਵੇਰੇ 8 ਵਜੇ ਤੇ ਸਮਾਪਤੀ। | |

ਅੰਮ੍ਰਿਤ ਸੰਚਾਰ 16-8-69 ਨੂੰ ਗੁਰਦਵਾਰਾ ਗੋਬਿੰਦ ਨਗਰ ਦੇ ਲਾਗੇ ਹੀ ਹੋਵੇਗਾ। ਅਭਲਾਸ਼ੀ-ਜਨ ਹਾਜ਼ਰੀਆਂ ਭਰ ਕੇ ਜਨਮ ਸਫਲ ਕਰਨਾ।

ਸੰਗਤਾਂ ਦੀ ਰਿਹਾਇਸ਼ ਦਾ ਪ੍ਰਬੰਧ ਗੁਰਦਵਾਰਾ ਗੋਬਿੰਦ ਨਗਰ ਵਿਖੇ ਪਿਛਲੇ ਸਾਲ ਵਾਂਗ ਹੀ ਹੋਵੇਗਾ।

ਪੁਛ ਗਿਛ ਲਈ–

(1) ਭਾਈ ਇੰਦਰ ਸਿੰਘ ਗੁਲਾਟੀ ਪ੍ਰਾਪਰਟੀ ਡੀਲਰਜ਼
ਗੋਬਿੰਦ ਨਗਰ, ਅੰਬਾਲਾ ਛਾਉਣੀ।

(2) ਭਾਈ ਦੁਰਲਭ ਸਿੰਘ ਹੈਡ ਕਲਰਕ
ਕਾਨਟਰਕਸ਼ਨ ਡਵੀਜ਼ਨ ਪੀ.ਡਬਲਯੂ.ਡੀ. ਬੀ.ਐਂਡ.ਆਰ.
ਜਰਨੈਲੀ ਕੋਠੀ, ਕਰਨਾਲ।

ਨਿਰਬਾਣ ਕੀਰਤਨੀ ਜਥਾ,
ਅੰਬਾਲਾ ਛਾਉਣੀ।



www.AKJ.Org

# (ਮੂਰਖ ਕੌਣ ਹੈ?)

( ਵਲੋਂ:—ਗੁਰਪੁਰਵਾਸੀ ਭਾ: ਸਾਹਿਬ ਭਾਈ ਰਣਧੀਰ ਸਿੰਘ ਜੀ )

ਪੜਿਆ ਮੂਰਖੁ ਆਖੀਐ ਜਿਸੁ ਲਬੁ ਲੋਭੁ ਅਹੰਕਾਰਾ ॥
ਨਾਉ ਪੜੀਐ ਨਾਉ ਬੁਝੀਐ ਗੁਰਮਤੀ ਵੀਚਾਰਾ ॥

ਇਹ ਗੁਰਵਾਕ ਦੁਤੁਕੀ ਆਨਮਤ ਵਿਦਿਆ ਦੇ ਪੜ੍ਹਾਕੂਆਂ ਪ੍ਰਥਾਇ ਹੀ ਘਟਦੀ ਹੈ। ਆਨਮਤ ਵਿਦਿਆ ਦੇ ਪੜ੍ਹਾਕੂ ਜਿਉਂ ਜਿਉਂ ਇਸ ਆਨਮਤ ਵਿਦਿਆ ਨੂੰ ਪੜ੍ਹਦੇ ਹਨ ਤਿਉਂ ਤਿਉਂ ਲਭ ਲੋਭ ਅਹੰਕਾਰ ਤਿਨਾਂ ਦੇ ਜੀਵਨ ਵਿਚ ਹੋਰ ਜ਼ੋਰ ਪਕੜਦਾ ਜਾਂਦਾ ਹੈ ਤਾਂ ਤੇ ਐਸੀ ਵਿਦਿਆ ਦਾ ਪੜ੍ਹਾਕੂ ਮੂਰਖ ਦਾ ਮੂਰਖ ਹੀ ਰਹਿੰਦਾ ਹੈ। ਵਿਦਵਾਨ ਤਾਂ ਉਸ ਨੇ ਕੀ ਹੋਣਾ ਸੀ ਮੂਰਖ ਅਗਿਆਨੀ ਲੋਕ ਉਸ ਨੂੰ ਵਿਦਵਾਨੁ ਪਏ ਆਖਣ, ਏਹ ਕੇਵਲ ਗੁਰਮਤਿ ਵਿਦਿਆ ਹੀ ਹੈ ਜੋ ਹਉਮੈਂ ਅਭਿਮਾਨ ਤੋਂ ਸੁਚੇਤ ਕਰਾਇ ਕੇ ਜਗਿਆਸੂਆਂ ਨੂੰ ਸੁਘੜ ਸੁਜਾਣ ਬਣਾਉਂਦੀ ਹੈ ਕਿਉਂਕਿ ਗੁਰਮਤਿ ਵਿਦਿਆ ਦਾ ਧੁਰਵਾ ਗੁਰਮਤਿ ਨਾਮ ਉਪਰ ਹੀ ਹੈ। ਏਸ ਗੁਰਮਤਿ ਵਿਦਿਆ ਤੋਂ ਬਿਨਾਂ ਓਹ ਹਉਮੈਂ ਵਾਲੀ ਅਵਿਦਿਆ ਪੜ੍ਹਦੇ ਹੀ ਨਹੀਂ। ਗੁਰਮਤਿ ਨਾਮ ਵਾਲੀ ਸਚੀ ਗੁਰਮਤਿ ਵਿਦਿਆ ਦੀ ਸੂਝ ਬੂਝ ਤੋਂ ਬਿਨਾਂ ਹੋਰ ਕੋਈ ਭੀ ਆਨਮਤ ਵਾਲੀ ਹਉਮੈਂ ਵੀਚਾਰ ਓਹਨਾਂ ਦੇ ਅੰਦਰ ਆਉਂਦੀ ਹੀ ਨਹੀਂ। ਸਚੀ, ਗੁਰਮਤਿ ਵੀਚਾਰ ਦੇ ਅਭਿਆਸਾਚਾਰੀ ਹੀ ਬਣੇ ਰਹਿੰਦੇ ਹਨ।

## ਸਚਾ ਮੁਸਲਮਾਨ

ਸਲੋਕੁ ਮਹਲਾ ੧ ॥

ਮਿਹਰ ਮਸੀਤਿ ਸਿਦਕੁ ਮੁਸਲਾ ਹਕੁ ਹਲਾਲੁ ਕੁਰਾਣੁ ॥
ਸਰਮ ਸੁੰਨਤਿ ਸੀਲ ਰੋਜਾ ਹੋਹੁ ਮੁਸਲਮਾਣੁ ॥
ਕਰਣੀ ਕਾਬਾ ਸਚੁ ਪੀਰ ਕਲਮਾ ਕਰਮ ਨਿਵਾਜ ॥
ਤਸਬੀ ਸਾ ਤਿਸ ਭਾਵਸੀ ਨਾਨਕ ਰਖੈ ਲਾਜ ॥
ਹਕੁ ਪਰਾਇਆ ਨਾਨਕਾ ਉਸੁ ਸੂਅਰ ਉਸ ਗਾਇ ॥
ਗੁਰੁ ਪੀਰੁ ਹਾਮਾ ਤਾ ਭਰੇ ਜਾ ਮੁਰਦਾਰੁ ਨ ਖਾਇ ॥
ਗਲੀ ਭਿਸਤਿ ਨ ਜਾਈਐ ਛੁਟੈ ਸਚੁ ਕਮਾਇ ॥
ਮਾਰਣ ਪਾਹਿ ਹਰਾਮ ਮਹਿ ਹੋਇ ਹਲਾਲ ਨ ਜਾਇ ॥
ਨਾਨਕ ਗਲੀ ਕੂੜੀਈ ਕੂੜੋ ਪਲੈ ਪਾਇ ॥
ਪੰਜਿ ਨਿਵਾਜਾ ਵਖਤ ਪੰਜਿ ਪੰਜਾ ਪੰਜੇ ਨਾਉ ॥
ਪਹਿਲਾ ਸਚੁ ਹਲਾਲ ਦੁਇ ਤੀਜਾ ਖੈਰ ਖੁਦਾਇ ॥
ਚਉਥੀ ਨੀਅਤਿ ਰਾਸਿ ਮਨੁ ਪੰਜਵੀ ਸਿਫਤਿ ਸਨਾਇ ॥
ਕਰਣੀ ਕਲਮਾ ਆਖਿ ਕੈ ਤਾ ਮੁਸਲਮਾਣੁ ਸਦਾਇ ॥
ਨਾਨਕ ਜੇਤੇ ਕੂੜਿਆਰ ਕੂੜੈ ਕੂੜੀ ਪਾਇ ॥

ਏਸ ਗੁਰਵਾਕ ਦੁਆਰਾ ਇਹ ਗਲ ਦ੍ਰਿੜਾਈ ਗਈ ਹੈ ਕਿ ਹੇਠ ਲਿਖੀਆਂ ਗਲਾਂ ਦਾ ਧਾਰਨੀ ਬਣ ਕੇ ਹੀ ਸੱਚਾ ਮੁਸਲਮਾਨ ਹੋਈਦਾ ਹੈ। ਗੁਰਮਤਿ ਜਗਿਆਸੂ ਦਾ ਸਦਾ ਹੀ ਮੇਹਰ ਦੇ ਘਰ ਵਿਚਿ ਰਹਿਣਾ ਸੱਚੀ ਮਸੀਤ ਦਾ ਵਾਸਾ ਪਾਉਣਾ ਹੈ। ਸਰਧਾ ਸਿਦਕ ਦਾ ਹਿਰਦੇ ਅੰਦਰਿ ਵਸਾਉਣਾ ਇਹੀ ਨਿਮਾਜ਼ ਲਈ ਮੁਸੱਲਾ ਵਿਛਾਉਣਾ ਹੈ। ਹਕੁ ਹਲਾਲ ਦੀ ਕਮਾਈ ਕਰਨਾ ਹੀ (ਨਾਮ ਜਪਣਾ) ਹੀ ਸਚੀ ਕੁਰਾਣ ਦੀ ਪੜ੍ਹਾਈ ਹੈ। ਸਚੇ ਮੁਸਲਮਾਨ ਨੂੰ ਕਚ ਪਿਚੇ ਮੁਸਲਮਾਨਾਂ ਦੀ ਨਿਆਈਂ ਸੁੰਨਤ ਕਰਾਉਣ ਦੀ ਲੋੜ ਨਹੀਂ। ਓਹ ਸਦਾ ਹੀ ਲਜਿਆ (ਸ਼ਰਮ) ਰੂਪੀ ਬੀਰਜ ਵੱਸ ਕਰਨ ਦੀ ਤੇ ਮਨ ਨੂੰ ਬਿਖਿਆਂ ਵਿਸ਼ਿਆਂ ਵਲ ਧਾਵਨ ਮਈ ਸਚੀ ਸੁੰਨਤ ਨੂੰ (ਗੁਰਮਤਿ ਦਰਸਾਈ ਸੁੰਨਤ ਨੂੰ) ਹਰ ਦਮ ਹਿਰਦੇ ਅੰਦਰ ਧਾਰੀ ਰਖਦੇ ਹਨ। ਸਚੇ ਮੁਸਲਮਾਨ ਦਾ ਸੱਚਾ ਰੋਜ਼ਾ ਸੀਲ ਧਰਮ ਧਾਰਨ ਦਾ ਸੁਆਸ ਸੁਆਸ ਬਣਿਆ ਰਹਿੰਦਾ ਹੈ। ਉਪਰ ਦਸੇ ਮੇਹਰ,



www.AKJ.Org

ਸਿਦਕ, ਹਕ ਹਲਾਲ, ਧਰਮ, ਸੀਲ ਧਰਮ ਵਾਲੇ ਗੁਰਮਤਿ ਗੁਣਾਂ ਦਾ ਧਾਰਨੀ ਹੋਕੇ ਹੀ ਸੱਚਾ ਮੁਸਲਮਾਨ ਬਣੀਦਾ ਹੈ। ਹੇ ਕਹਾਉਤੀ ਮੁਸਲਮਾਨ ! ਜੇ ਤੈਂ ਸੱਚਾ ਮੁਸਲਮਾਨ ਬਣਨਾ ਹੈ ਤਾਂ ਉਪਰ ਦਸੀ ਬਿਧੀ ਅਨੁਸਾਰ ਬਣ ਹੋਰ ਸੁਣ:—ਗੁਰਮਤਿ ਕਰਣੀ ਨੂੰ ਕਾਬਾ ਬਣਾ। ਗੁਰਮਤਿ ਨਾਮ ਰੂਪੀ ਸਚੁ ਨੂੰ ਹੀ ਅਪਣਾ ਸੱਚਾ ਪੀਰ ਮੁਰਸ਼ਦ ਸੁਮਾਰ ਕਰ। ਸਚੇ ਗੁਰਮਤਿ ਨਾਮ ਰੂਪੀ ਕਰਮ ਨੂੰ ਸੱਚਾ ਕਲਮਾ ਬਣਾਕੇ ਨਿਤਾ ਪ੍ਰਤਿ ਨੁਮਾਜ਼ ਪੜ੍ਹਿਆ ਕਰ ਹੋਰ ਭੀ ਸੁਣਿ ਦਿਖਾਵੇ ਦੀ ਤਸਬੀ ਗਲ ਵਿਚਿ ਪਹਿਰਨੀ ਹੈ ਤਾਂ ਰੱਬ ਦੀ ਰਜ਼ਾਇ ਵਿਚਿ ਰਾਜ਼ੀ ਰਹਿਣ ਵਾਲੀ ਤਸਬੀ ਪਹਿਨ। ਗੁਰੂ ਨਾਨਕ ਸਾਹਿਬ ਫੁਰਮਾਉਂਦੇ ਹਨ ਕਿ ਕੇਵਲ ਇਸਿ ਬਿਧਿ ਹੀ ਤੇਰੀ ਲਾਜ ਰਹੇਗੀ ਸਾਹਿਬ ਸਚਾ ਪਾਤਸ਼ਾਹ ਇਸੇ ਬਿਧਿ ਹੀ ਤੇਰੀ ਲਾਜ ਰਖੇਗਾ। ਇਸੇ ਬਿਧਿ ਹੀ ਤੇਰੀ ਲਾਜ ਰਖਣ ਦੀ ਬਿਉਂਤ ਬਣਾਉਂਦਾ ਹੈ ਤੇ ਬਣਾਉ ਦਾ ਰਹੇਗਾ। ਗੁਰੂ ਨਾਨਕ ਸਾਹਿਬ ਮੁਸਲਮਾਨਾਂ ਅਤੇ ਹਿੰਦੂਆਂ ਦੋਹਾਂ ਆਨਮਤੀਆਂ ਪਰਥਾਇ ਅਗੇ ਇਉਂ ਸਾਂਝਾ ਗੁਰਮਤਿ ਦਾ ਉਪਦੇਸ਼ ਦਿੰਦੇ ਹਨ। ਜੋ ਮੁਸਲਮਾਨ ਹੋਕੇ ਹੱਕ ਪਰਾਇਆ ਖਾਂਦੇ ਹਨ ਓਹਨਾਂ ਮੁਸਲਮਾਨ ਆਨਮਤੀਆਂ ਨੂੰ ਇਉਂ ਹੱਕ ਪਰਾਇਆ ਖਾਣਾ ਸੂਰ ਖਾਣ ਦੇ ਤੁਲ ਹੈ ਅਤੇ ਜੋ ਹਿੰਦੂ ਧਰਮ ਦੇ ਪਾਖੰਡ ਧਾਰਨੀ ਬਣਕੇ ਪਰਾਇਆ ਹੱਕ ਖਾਂਦੇ ਹਨ ਓਹਨਾਂ ਦਾ ਐਸਾ ਕਰਮਾ ਅਰਥਾਤ ਪਰਾਇਆ ਹੱਕ ਖਾਣਾ ਗਾਂ ਖਾਣ ਦੇ ਤੁਲ ਹੈ। ਏਹ ਹਿੰਦੂ ਮੁਸਲਮਾਨਾਂ ਨੇ ਫੋਕੇ ਹੀ ਢਕਵੰਜ ਬਣਾਏ ਹੋਏ ਹਨ ਕਿ ਹਿੰਦੂਆਂ ਨੂੰ ਤਾਂ ਗਾਂ ਖਾਣ ਦੀ ਆਣ ਹੈ ਤੇ ਮੁਸਲਮਾਨਾਂ ਨੂੰ ਸੂਰ ਖਾਣ ਦੀ ਪਰੰਤੂ ਭਖ ਅਭਖ ਇਹ ਸਭ ਖਾ ਜਾਂਦੇ ਹਨ। ਓਹਨਾਂ ਦਾ ਇਸ ਬਿਧਿ ਭਖ ਅਭਖ ਖਾਣਾ ਇਕ ਪਰਕਾਰ ਦਾ ਮੁਰਦਾਰ ਖਾਣਾਂ ਹੈ। ਕੀ ਐਸੇ ਮੁਰਦਾਰ ਖਾਣਿਆਂ ਦੀ ਉਹਨਾਂ ਦੇ ਪੀਰ ਮੁਰਸ਼ਦ ਹਾਮੀ ਭਰ ਸਕਦੇ ਹਨ। ਸਚਾ ਗੁਰਪੀਰ ਤਾਂ ਐਸੀ ਹਾਮਾ ਕਦੇ ਨਹੀਂ ਭਰ ਸਕਦਾ। ਮੁਰਦਾਰ ਖਾਣੋਂ ਹਟਣ ਤਾਂ ਸਚੇ ਗੁਰਪੀਰ ਵਲੋਂ ਹਾਮਾ ਭਰਿਆ ਜਾਵੇ। ਲੋਕੀ ਗੱਲਾਂ ਨਾਲ ਹੀ ਸੁਰਗ ਬਹਿਸ਼ਤਾਂ ਵਿਚਿ ਜਾਇਆ ਲੋੜਦੇ ਹਨ। ਇਸ ਪਰਕਾਰ ਦੀਆਂ ਗਲਾਂ ਬਣਾਉਣ ਨਾਲ ਸੁਰਗਾਂ ਬਹਿਸ਼ਤਾਂ ਵਿਚ ਨਹੀਂ ਜਾ ਸਕੀਦਾ ਨਾਂਹੀ ਕਲਿਆਣ ਮੁਕਤੀ ਕਿਸੇ ਅਨਮਤੀ ਨੂੰ ਮਿਲ ਸਕਦੀ ਹੈ। ਸਚਾ ਮੁਕਤੀ ਮਈ ਛੁਟਕਾਰਾ ਗੁਰਮਤਿ ਸਚੁ ਨੂੰ ਕਮਾਇਆਂ ਗੁਰਮਤਿ ਤੱਤ ਨੂੰ ਅਰਥਾਤ ਗੁਰਮਤਿ ਨਾਮ ਨੂੰ ਅਭਿਆਸਦਿਆਂ ਹੀ ਮਿਲ ਸਕਦਾ ਹੈ। ਹਰਾਮ ਦੇ ਮਾਸ ਵਿਚਿ ਮਸਾਲੇ ਪਾਉਣ ਨਾਲ ਹਲਾਲ ਨਹੀਂ ਹੋ ਜਾਂਦਾ। ਏਹ ਸਭ ਕੂੜਾਵੀਆਂ ਹੁਜਤਾਂ ਹਨ। ਗੁਰੂ ਨਾਨਕ ਸਾਹਿਬ ਫੁਰਮਾਉਂਦੇ ਹਨ ਕਿ ਇਹਨਾਂ ਕੂੜਾਵੀਆਂ ਗਲਾਂ ਨਾਲ ਕੂੜ ਹੀ ਪੱਲੇ ਪੈਂਦਾ ਹੈ। ਅਗਲੇ ਸਲੋਕ ਵਿਚਿ ਗੁਰੂ ਨਾਨਕ ਸਾਹਿਬ ਗੁਰ ਸਿੱਖਾਂ ਪ੍ਰਤੀ ਸਚੀਆਂ ਪੰਜ ਨਿਮਾਜ਼ਾਂ ਸਚੇ ਵਕਤ ਨਮਾਜ਼ਾਂ ਪੜ੍ਹਨ ਦੇ ਇਸ ਬਿਧਿ ਦ੍ਰਿੜਾਉਂਦੇ ਹਨ ਤੇ ਇਸ ਬਿਧਿ ਓਹਨਾਂ ਦੇ ਨਾਉਂ ਰਖਦੇ ਹਨ। ਪਹਿਲਾ ਵਕਤ ਤੇ ਪਹਿਲੀ ਨਿਮਾਜ਼ ਗੁਰਮਤਿ ਸਚੁ ਤੱਤ ਗੁਰਮਤਿ ਨਾਮ ਨੂੰ ਕਮਾਉਣਾ ਹੈ। ਦੂਜਾ ਦਰਜਾ ਸੱਚੀ ਨਿਮਾਜ਼ ਵਕਤ ਦਾ ਧਰਮ ਦੀ ਕਿਰਤ (ਹਲਾਲ ਦੀ ਕਮਾਈ) ਕਰਨਾ ਹੈ। ਤੀਜੀ ਨਿਮਾਜ਼ ਤੇ ਤੀਜਾ ਸੱਚਾ ਵਕਤ ਵੇਲਾ ਸਾਰੀ ਖਾਲਕ ਦੀ ਸਚੀ ਖਲਕਤ ਦਾ ਭਲਾ ਮਨਾਉਣਾ ਹੈ। ਜਿਸ ਗਲ ਵਿਚਿ ਸਾਰੀ ਖਲਕਤ ਦਾ ਭਲਾ ਹੈ ਓਹੀ ਗੁਰਮਤਿ ਦੀ ਨਿਰਾਲੀ ਤੀਜੀ ਨਿਮਾਜ਼ ਹੈ। ਚੌਥੀ ਨਿਮਾਜ਼ ਨੀਯਤ ਨੂੰ ਰਾਸ ਰਖਣ ਵਿਚਿ ਹੈ। ਪੰਜਵੀਂ ਓਤ ਪੋਤੀ ਸਚੀ ਅਦੋਤੀ ਨਿਮਾਜ਼ ਅਤੇ ਸਚ ਵਕਤ ਵਖਤੋਤੀ ਨਿਮਾਜ਼ ਗੁਰਸਿਖਾਂ ਲਈ ਗੁਰਮਤਿ ਅੰਦਰਿ ਵਾਹਿਗੁਰੂ ਦੀ ਸਿਫ਼ਤ ਸਾਲਾਹ ਕਰਨਾ ਹਰਦਮ ਕਰਦੇ ਰਹਿਣਾ ਹੀ ਹੈ ਇਸ ਬਿਧ ਦੀ ਉਪਰ ਦਰਸਾਈ ਪੰਜ ਨਿਮਾਜ਼ੀ ਕਰਨੀ ਵਾਲਾ ਕਲਮਾ ਪੜ੍ਹਨਾ ਹੈ ਤਾਂ ਪੜ੍ਹ ਇਹੀ ਕਲਮਾ ਪੜ੍ਹ ਕੇ ਤੂੰ ਸੱਚਾ ਮੁਸਲਮਾਨ ਸਦਾ ਸਕਦਾ ਹੈਂ ਇਉਂ ਸਦਾਉਣਾ ਹੈ ਤਾਂ ਸਦਾ ਲੈ ਸੱਚਾ ਮੁਸਲਮਾਨ। ਗੁਰੂ ਨਾਨਕ ਸਾਹਿਬ ਫੁਰਮਾਉਂਦੇ ਹਨ ਹੋਰ ਜੇਤੇ ਵੀ ਕੂੜਾਵੇ ਮੁਸਲਮਾਨ ਹਨ ਸਭ ਕੂੜਿਆਰਾ ਹੀ ਹਨ। ਹੋਰ ਸਾਰੀ ਭੇਖਧਾਰੀ ਕੂੜਾਵੇ ਮੁਸਲਮਾਨ ਦੇ ਭੇਖ ਦੁਆਰ ਕੂੜੀ ਗਲ ਹੀ ਪਲੇ ਪੈਂਦੀ ਹੈ। ਸੱਚ ਹੱਕ ਹਥ ਨਾਹੀਂ ਆਉਂਦਾ ਨਾਂਹੀ ਹਕ ਹਕੀਕਤ ਦਾ ਮੁਸਲਮਾਨ ਬਣੀਦਾ ਹੈ। ਗੁਰਮਤ ਨੇ ਪਰਤੱਖ ਤੌਰ ਤੇ ਏਹ ਪੰਜ ਨਿਮਾਜ਼ਾਂ ਉਪਰ ਦਸੀਆਂ ਦ੍ਰਿੜਾਈਆਂ ਦਰਸਾਈਆਂ ਹਨ। ਗੁਰਮਤਿ ਧਾਰਨੀਆਂ ਨੂੰ ਧਾਰਨ ਲਈ ਹੀ ਦਰਸਾਈਆਂ ਹਨ। ਐਸੇ ਧਾਰਨਾਂ ਨੂੰ ਮੁਖ ਰਖ ਕੇ ਗੁਰੂ ਸਾਹਿਬ ਦੀ ਬਾਣੀ ਗੁਰੂ ਧੁਮਧਰੰਦਰ ਪਰੇਰਨਾ ਦੁਆਰਾ ਭਗਤ ਫਰੀਦ ਸਾਹਿਬ ਦੇ ਜਾਮੇ ਵਿਚ ਦੀ ਹੁੰਦੀ ਹੋਈ ਗੁਰਸਿਖਾਂ ਪ੍ਰਤੀ ਉਕਤ ਪੰਜ ਨਿਮਾਜ਼ਾਂ ਨਾ ਧਾਰਨ ਕਰਨ ਦੇ ਕਾਰਣ ਤਿਨਾਂ ਪੰਜ ਨਿਮਾਜ਼ਾਂ ਦੇ ਅਧਾਰਨੀਆਂ (ਨਾ ਧਾਰਨ ਕਰਨ ਵਾਲਿਆਂ ਨੂੰ) ਇਉਂ ਸੰਬੋਧਨ ਕਰਦੀ ਹੈ:—



www.AKJ.Org

ਫਰੀਦਾ ਬੇਨਿਵਾਜਾ ਕੁਤਿਆ ਇਹ ਨ ਭਲੀ ਰੀਤਿ ॥
ਕਬਹੀ ਚਲਿ ਨ ਆਇਆ ਪੰਜੇ ਵਖਤ ਮਸੀਤ ॥

ਮਸੀਤ ਵਿਚਿ ਚਲ ਕੇ ਆਂਉਣ ਦਾ ਭਾਵ ਸਚੀ ਗੁਰਮਤਿ ਰਹਿਣੀ ਧਾਰਨ ਕਰਨ ਤੋਂ ਹੈ। ਸਪਸ਼ਟ ਤੌਰ ਤੇ ਇਥੇ ਗੁਰਮਤਿ ਭਿੰਨੀ ਸੱਚੀ ਕਮਾਈ ਦੀਆਂ ਸਚੀਆਂ ਪੰਜੇ ਨਿਮਾਜ਼ਾਂ ਗੁਰਸਿਖਾਂ ਪ੍ਰਤੀ ਦ੍ਰਸਾਈਆਂ ਗਈਆਂ ਹਨ ਪਰੰਤੂ ਤੱਤ ਗੁਰਮਤਿ ਤੋਂ ਅਗਿਆਤ ਪੁਰਸ਼ ਇਉਂ ਕਹਿੰਦੇ ਹਨ ਕਿ ਦੇਖੋ ਇਸ ਸਲੋਕ ਵਿਚਿ ਫਰੀਦ ਸਾਹਿਬ ਮੁਸਲਮਾਨ ਹੁੰਦੇ ਹੋਏ ਮੁਸਲਮਾਨੀ ਮਤ ਦੀਆਂ ਪੰਜੇ ਨਿਮਾਜ਼ਾਂ ਤੇ ਮੁਸਲਮਾਨਾਂ ਦਾ ਪੰਜੇ ਵਖਤਾਂ ਦਾ ਉਪਦੇਸ਼ ਦਿੰਦੇ ਹਨ। ਜੋ ਸਰਾਸਰ ਅਜੇਹੇ ਅਗਿਆਨੀਆਂ ਦੀ ਗਲਤ ਫ਼ਹਿਮੀ ਤੇ ਗਲਤ ਬਿਆਨੀ ਹੈ। ਦੇਖੋ ਅਗਲੇਰੀਆਂ ਗੁਰਵਾਕ ਤੁਕਾਂ ਅੰਦਰਿ ਗੁਰੂ ਸਾਹਿਬ ਕੈਸਾ ਸੱਚ ਭਰਿਆ ਨਿਰਣਾ ਮੁਸਲਮਾਨ ਕਹੌਣ ਦਾ ਤੇ ਬਣਨ ਦਾ ਨਿਰਣਾਉਂਦੇ ਹਨ ਯਥਾ ਗੁਰਵਾਕ:—

'ਮੁਸਲਮਾਣ ਕਹਾਵਣ ਮੁਸਕਲ,
ਜਾ ਹੋਇ ਤਾ ਮੁਸਲਮਾਣੁ ਕਹਾਵੈ ।
ਅਵਲਿ ਅਉਲਿ ਦੀਨੁ ਕਰਿ ਮਿਠਾ,
ਮਸਕਲਮਾਨਾ ਮਾਲੁ ਮੁਸਾਵੈ ।
ਹੋਇ ਮੁਸਲਿਮ ਦੀਨ ਮੁਹਾਣੈ,
ਮਰਣ ਜੀਵਣ ਕਾ ਭਰਮ ਚੁਕਾਵੈ।
ਰਬ ਕੀ ਰਜਾਇ ਮੰਨੇ ਸਿਰ ਉਪਰਿ
ਕਰਤਾ ਮੰਨੇ ਆਪ ਗਵਾਵੈ ।
ਤਉ ਨਾਨਕ ਸਰਬ ਜੀਆ,
ਮਿਹਰੰਮਤਿ ਹੋਇ ਮੁਸਲਮਾਣੁ ਕਹਾਵੈ ॥'

ਸੱਚਾ ਮੁਸਲਮਾਨ ਕਹਾਉਣਾ ਬੜਾ ਹੀ ਮੁਸ਼ਕਲ ਹੈ। ਜੇ ਕਰ ਉਪਰ ਦਸੀਆਂ ਅਤੇ ਅਗੇ ਦਰਸਾਈਆਂ ਸਿਫਤਾਂ ਗੁਰਮਤਿ ਬਿਧੀਆਂ ਅਨੁਸਾਰ ਕੋਈ ਮੁਸਲਮਾਨ ਬਣ ਸਕੇ ਤਾਂ ਨਿਸੰਗ ਆਪਣੇ ਆਪ ਨੂੰ ਮੁਸਲਮਾਨ ਕਹਾਵੇ ਸਦਾਵੇ। ਅਵਲ (ਪਹਿਲਾ) ਮੁਸਲਮਾਨ ਬਣਨ ਦੀ ਪਹਿਲੀ ਨਿਸ਼ਾਨੀ ਇਹ ਹੈ ਕਿ ਉਸ ਦਾ ਦੀਨ ਇਮਾਨ ਅਉਲਿਆਵਾਂ ਸੰਤਾਂ ਭਗਤਾਂ ਵਾਲਾ ਸਚੀ ਗੁਰਮਤਿ ਮਿਠਾਸ ਰਸ ਵਿਗਾਸ ਦਾ ਭਰਿਆ ਹੋਇਆ ਹੋਵੇ। 'ਮੁਸਲਮਾਨ ਮੋਮ ਦਿਲ ਹੋਵੇ' ਦਾ ਭਾਵ ਇਹੀ ਹੈ ਕਿ ਜਿਵੇਂ ਮਸਕਲੇ (ਰੇਗਮਾਲ) ਨਾਲ ਜੰਗਾਲ ਲਾਹ ਸਿਟੀਦਾ ਹੈ ਤਿਵੇਂ [ਹੀ ਸਤਿਨਾਮ ਰੂਪੀ ਰੇਗਮਾਲ ਨਾਲ ਮਨ ਦੀ ਮੈਲ ਲਾਹ ਸੁਟੇ ਅਤੇ ਸਚੇ ਧਨ ਨਾਮ ਦੀ ਪਰਾਪਤੀ ਕਰਕੇ ਝੂਠੇ ਧਨ ਮਾਲ ਵਲੋਂ ਉਕਾ ਹੀ ਉਪਰਾਮ ਹੋ ਜਾਵੇ। ਪੱਕਾ ਪਰਮਾਰਥੀ ਹੋ ਕੇ ਆਪਣੇ ਤੱਤ ਮਜ਼ਹਬ ਦਾ ਮੁਖੀਆ ਅਨਿੰਨ ਸਿਖ ਬਣੇ ਨਿਰਾ ਪ੍ਰਮਾਰਥ ਪਰਾਇਣ ਹੋਕੇ ਮਰਨ ਜੀਵਣ ਦਾ ਭਰਮ ਚੁਕਾ ਦੇਵੇ। ਸਿਰ ਮਥੇ ਤੇ ਵਾਹਿਗੁਰੂ ਦਾ ਭਾਣਾ ਮੰਨੇ ਇਉਂ ਆਪਣਾ ਆਪ ਗਵਾ ਕੇ ਕਰਤੇ ਪੁਰਖ ਅਕਾਲ ਦਾ ਅਨਿੰਨ ਸ਼ਰਧਾਲੂ ਬਣੇ ਗੁਰੂ ਨਾਨਕ ਸਾਹਿਬ ਫੁਰਮਾਉਂਦੇ ਹਨ ਕੇਵਲ ਇਸ ਬਿਧਿ ਹੀ ਸਰਬ ਜੀਆਂ ਉਤੇ ਏਕ ਨਦਰ ਕਰ ਦੇਖਣਹਾਰਾ ਮਿਹਰੰਮਤੀ ਬਣੇ ਤਾਂ ਸਚਾ ਮੁਸਲਮਾਨ ਕਹਾ ਸਕਦਾ ਹੈ। ਇਸ ਸਚੇ ਮੁਸਲਮਾਨ ਦੇ ਗੁਣ ਕੇਵਲ ਤੱਤ ਗੁਰਮਤਿ ਦੇ ਧਾਰਨ ਕਰਨ ਤੇ ਹੀ ਗੁਰਮੁਖਿ ਜਗਿਆਸੂ ਵਿਖੇ ਆ ਸਕਦੇ ਹਨ। ਜਿਸ ਪਰਕਾਰ ਸਚੇ ਅਪਰਸ ਕਿ ਸਚੇ ਬੈਸਨੋ ਅਤੇ ਸਚੇ ਪੰਡਿਤ ਦੇ ਗੁਰਮਤਿ ਗੁਣ ਧਾਰਨ ਕਰਕੇ ਹੀ ਤੱਤ ਅਪਰਸ, ਤੱਤ ਬੈਸਨੋ ਅਤੇ ਤੱਤ ਪੰਡਿਤ ਬਣੀਦਾ ਹੈ ਦੇਖੋ ਸ੍ਰੀ ਸੁਖਮਨੀ ਦੀ ਅਸਟਪਦੀ ਦੀ ਪਉੜੀ ਪਹਿਲੀ ਦੂਜੀ ਤੇ ਤੀਜੀ ਤਿਸੇ ਪ੍ਰਕਾਰ ਹੀ ਤੱਤ ਗੁਰਮਤਿ ਦੁਆਰਾ ਸਚੇ ਮੁਸਲਮਾਨ ਬਣਨ ਦੀਆਂ ਉਪਰ ਦਸੀਆਂ ਨਿਸ਼ਾਨੀਆਂ ਹਨ। ਇਸ ਤੋਂ ਸਾਫ ਭਾਵ ਹੈ ਕਿ ਪਰਚਲਤ ਮੁਸਲਮਾਨੀ ਮਤ ਦਾ ਏਥੇ ਖੰਡਣ ਹੈ ਤੇ ਸਚੀ ਖਾਲਸ ਮਤ ਵਾਲਾ ਮੁਸਲਮਾਨ ਦਰਸਾ ਕੇ ਏਥੇ ਗੁਰਮਤਿ ਅਨੁਸਾਰੀ ਸਚੇ ਗੁਣ ਧਾਰਨ ਕਰਕੇ ਹੀ ਸਚਾ ਦੀਨਦਾਰ ਬਣੀਦਾ ਹੈ। ਇਸ ਤੋਂ ਹਰਗਿਜ਼ ਇਹ ਭਾਵ ਨਹੀਂ ਕਿ ਕਈ ਅਣਜਾਣ ਅਗਿਆਨੀ ਜਣਾਇਆ ਕਰਦੇ ਹਨ ਕਿ ਇਸ ਗੁਰਵਾਕ ਦੁਆਰਾ ਮੁਸਲਮਾਨੀ ਆਨਮਤ ਦਾ ਮੰਡਣ ਕੀਤਾ ਗਿਆ ਹੈ ਸਗੋਂ ਉਕਤ ਆਨਮਤੀ ਮੁਸਲਮਾਨ ਮਤ ਦਾ ਸਪਸ਼ਟ ਖੰਡਣ ਹੈ ਅਤੇ ਇਹ ਸਪਸ਼ਟਾਇਆ ਗਿਆ ਹੈ ਕਿ ਸਚੇ ਦੀਨਦਾਰ ਮੁਸਲਮਾਨ ਗੁਰਮਤਿ ਅਨੁਸਾਰ ਪਰਮਾਰਥੀ ਗੁਰਮੁਖਿ. ਹੀ ਹਨ ਜੋ ਗੁਰੂ ਅਕਾਲ ਪੁਰਖ ਦੀ ਸਿਖਸ਼ਾ ਤੇ ਤੱਤ ਪਰ ਹੋ ਕੇ ਚਲਦੇ ਹਨ। ਸਚੇ ਪਾਤਸ਼ਾਹ ਗੁਰੂ ਨਾਨਕ ਦੇਵ ਜੀ ਨੇ ਪਰਚਲਤ ਆਨਮਤਾਂ ਦਾ ਬੜੇ ਸੁਧ ਤਰੀਕੇ ਨਾਲ ਖੰਡਣ ਕਰਕੇ ਮੁਖ ਗੁਰਮਤ ਧਾਰਨੀ ਪਰਮਾਰਥੀਆਂ ਦੇ ਮਤ ਨੂੰ ਹੀ ਰਖਿਆ ਹੈ।

# ਜੈਨੀ ਤੇ ਸਰੇਵੜੇ

ਸਲੋਕ ਮ: ੧ ॥
ਸਿਰੁ ਖੋਹਾਇ ਪੀਅਹਿ ਮਲਵਾਣੀ ਜੂਠਾ ਮੰਗਿ ਮੰਗਿ ਖਾਹੀ।
ਫੋਲਿ ਫਦੀਹਤ ਮੁਹਿ ਲੈਨਿ ਭੜਾਸਾ ਪਾਣੀ ਦੇਖਿ ਸਗਾਹੀ।


www.AKJ.Org

ਭੇਡਾ ਵਾਗੀ ਸਿਰੁ ਖੋਹਾਇਨਿ ਭਰੀਅਨਿ ਹਥ ਸੁਆਹੀ।
ਮਾਊ ਪੀਊ ਕਿਰਤੁ ਗਵਾਇਨਿ ਟਬਰ ਰੋਵਨਿ ਧਾਹੀ।
ਓਨਾ ਪਿੰਡੁ ਨ ਪਤਲਿ ਕਿਰਿਆ ਨ ਦੀਵਾ ਮੁਏ ਕਿਥਾਊ ਪਾਹੀ।
ਅਠਿ ਸਠਿ ਤੀਰਥ ਦੇਨਿ ਨ ਢੋਈ ਬ੍ਰਹਮਣ ਅੰਨੁ ਨ ਖਾਹੀ।
ਸਦਾ ਕੁਚੀਲ ਰਹਹਿ ਦਿਨ ਰਾਤੀ ਮਥੈ ਟਿਕੇ ਨਾਹੀ।
ਝੁੰਡੀ ਪਾਇ ਬਹਨਿ ਨਿਤਿ ਮਰਣੈ ਦੜਿ ਦੀਬਾਣਿ ਨ ਜਾਹੀ।
ਲਕੀ ਕਾਸੇ ਹਥੀ ਫੁੰਮਣ ਅਗੋ ਪਿਛੀ ਜਾਹੀ।
ਨ ਓਇ ਜੋਗੀ ਨ ਓਇ ਜੰਗਮ ਨ ਓਇ ਕਾਜੀ ਮੁੰਲਾ।
ਦਯਿ ਵਿਗੋਏ ਫਿਰਹਿ ਵਿਗੁਤੇ ਫਿਟਾ ਵਤੈ ਗਲਾ।
ਜੀਆ ਮਾਰਿ ਜੀਵਾਲੇ ਸੋਈ ਅਵਰੁ ਨ ਕੋਈ ਰਖੈ।
ਦਾਨਹੁ ਤੈ ਇਸਨਾਨਹੁ ਵੰਜੇ ਭਸੁ ਪਈ ਸਿਰਿ ਖੁਥੈ।
ਪਾਣੀ ਵਿਚਹੁ ਰਤਨ ਉਪੰਨੇ ਮੇਰੁ ਕੀਆ ਮਾਧਾਣੀ।
ਅਠ ਸਠ ਤੀਰਥ ਦੇਵੀ ਥਾਪੇ ਪੁਰਬੀ ਲਗੈ ਬਾਣੀ।
ਨਾਇ ਨਿਵਾਜਾ ਨਾਤੈ ਪੂਜਾ ਨਾਵਨਿ ਸਦਾ ਸੁਜਾਣੀ।
ਮੁਇਆ ਜੀਵਦਿਆ ਗਤਿ ਹੋਵੈ ਜਾ ਸਿਰਿ ਪਾਈਐ ਪਾਣੀ।
ਨਾਨਕ ਸਿਰ ਖੁੱਥੇ ਸੈਤਾਨੀ ਏਨਾ ਗਲ ਨ ਭਾਣੀ।
ਵੁਠੈ ਹੋਇਐ ਹੋਇ ਬਿਲਾਵਲੁ ਜੀਆ ਜੁਗਤਿ ਸਮਾਣੀ।
ਵੁਠੈ ਅੰਨੁ ਕਮਾਦ ਕਪਾਹਾ ਸਭਸੈ ਪੜਦਾ ਹੋਵੈ।
ਵੁਠੈ ਘਾਹ ਚਰਹਿ ਨਿਤਿ ਸੁਰਹੀ ਸਾਧਨ ਦਹੀ ਵਿਲੋਵੈ।
ਤਿਤ ਘਿਇ ਹੋਮ ਜਗ-ਸਦ ਪੂਜਾ ਪਇਐ ਕਾਰਜ ਸੋਹੈ।
ਗੁਰੂ ਸਮੁੰਦ ਨਦੀ ਸਭਿ ਸਿਖੀ ਨਾਤੈ ਜਿਤੁ ਵਡਿਆਈ।
ਨਾਨਕ ਜੇ ਸਿਰ ਖੁਥੇ ਨਾਵਨਿ ਨਾਹੀ ਤਾਸਤ ਚਟੇ ਸਿਰਿ ਛਾਈ।

ਇਸ ਸਮੁਚੇ ਗੁਰਵਾਕ ਦੁਆਰਾ ਗੁਰੂ ਸਚੇ ਪਾਤਸ਼ਾਹ ਗੁਰੂ ਨਾਨਕ ਦੇਵ ਜੀ ਨੇ ਗੱਜ ਵੱਜ ਕੇ ਜੈਨੀਆਂ, ਸਰੇਵੜਿਆਂ ਦੇ ਪਖੰਡ ਮਤ ਨੂੰ ਖੰਡਨ ਕੀਤਾ ਹੈ ਇਸ ਤੋਂ ਸਿੱਧ ਹੁੰਦਾ ਹੈ ਕਿ ਜੈਨੀਆਂ ਦਾ ਮਤ ਕਦਾਚਿਤ ਭੀ ਸਿਧ ਗਤੀ ਨੂੰ ਪ੍ਰਾਪਤਿ ਨਹੀਂ ਹੋ ਸਕਦਾ। ਏਹਨਾਂ ਦੇ ਖੋਟੇ ਕਰਮ ਐਸੇ ਹਨ ਕਿ ਆਨਮਤੀ ਸੁਮਤੇ ਲਗਦੇ ਹੀ ਨਹੀਂ। ਅਸੰਤ ਅਨਾੜੀ ਹੁੰਦੇ ਹੋਏ ਭੀ ਆਪਣੇ ਆਪ ਨੂੰ ਸਿੱਧ ਸੰਤ ਗਰਦਾਨੀ ਫ਼ਿਰਦੇ ਹਨ। ਏਹਨਾਂ ਬਚਾਰਿਆਂ ਦਾ ਕਸੂਰ ਭੀ ਕੀ ਹੈ? ਏਹਨਾਂ ਦੀ ਪਾਖੰਡੀ ਕਿਰਿਆ ਤੇ ਰੀਝ ਕੇ ਆਨਮਤ ਲੋਕਾਂ ਦੀ ਏਹਨਾਂ ਨੂੰ ਅਜੇ ਤਾਈਂ ਪੂਜਦੀ ਹੈ। ਐਥੇ ਤਾਈਂ ਦੇਖਣ ਵਿਚਿ ਆਇਆ ਹੈ ਕਿ ਕਈ ਕਚ ਘਰੜ ਸਿਖ ਭੀ ਏਹਨਾਂ ਜੈਨੀਆਂ ਸਰੇਵੜਿਆਂ ਨੂੰ ਸੰਤ ਹੀ ਗਰਦਾਨੀ ਫ਼ਿਰਦੇ ਹਨ। ਏਹਨਾਂ ਦੇ ਸੰਤ ਮਤੇ ਦੀ ਅਸਲੀਅਤ ਮਾਹੀਅਤ ਨੂੰ ਬਹੁਤ ਸਾਰੇ ਗੁਰੂ ਨਾਨਕ ਸਾਹਿਬ ਦੇ ਸਿਖ ਸਦਾਉਣ ਵਾਲੇ ਕਰਮਚਾਰੀ ਲੀਡਰ ਭੀ ਨਹੀਂ ਪਛਾਣ ਸਕੇ। ਓਹ ਏਹਨਾਂ ਦੇ ਭੇਖ ਤੇ ਹੀ ਰੀਝ ਜਾਂਦੇ ਹਨ। ਗੁਰਮਤਿ ਤੱਤ ਮਾਰਗੀ ਗੁਰਮਤਿ ਤੋਂ ਛੁਟ ਆਨਮਤ ਕਿਸੇ ਭੀ ਭੇਖ ਉਤੇ ਨਹੀਂ ਪਤੀਆਉਂਦੇ ਜੋ ਪਤੀਆਉਂਦੇ ਹਨ ਓਹਨਾਂ ਨੂੰ ਅਨਿੰਨ ਸਿਖੀ ਪਰਾਪਤਿ ਨਹੀਂ ਹੋ ਸਕਦੀ। ਅਨਿੰਨ ਸਿਖੀ ਪ੍ਰਾਪਤਿ ਹੋਈ ਬਿਨਾ ਕਲਿਆਣ ਕਿਥੇ? ਤੱਤ ਸਦਗਤੀ ਕਿਥੇ? ਉਹ ਸਚਾ ਗੁਰਮਤਿ ਮਾਰਗੀ ਸਿਖ ਹੋ ਹੀ ਨਹੀਂ ਸਕਦਾ ਜੋ ਆਨਮਤ ਭੇਖਾਂ ਉਤੇ ਭਰਮਦਾ ਫਿਰਦਾ ਹੈ। ਇਹ ਸੱਚ ਜਾਣੋ ਕਿ ਉਸਨੂੰ ਤੱਤ ਗੁਰਮਤਿ ਦੀ ਅਨਿੰਨਤਾ ਪ੍ਰਾਪਤਿ ਹੋ ਹੀ ਨਹੀਂ ਸਕਦੀ। ਗੁਰਮਤਿ ਦੇ ਅਨਿੰਨ ਸਿਖ ਤਿਆਰ ਬਰ ਤਿਆਰ ਸਿੰਘ ਸਜਾਉਣ ਲਈ ਹੀ ਗੁਰੂ ਸਚੇ ਪਾਤਸ਼ਾਹ ਗੁਰੂ ਨਾਨਕ ਦਸਮੇਸ ਜੀ ਨੇ ਜਿਸ ਗੁਰਮਤਿ ਗੁੜ੍ਹਤੀ ਦੁਆਰਾ ਖੰਡੇ ਦਾ ਅੰਮ੍ਰਿਤ ਤਿਆਰ ਕੀਤਾ ਉਸ ਵਿਚ ਮੁਖ ਅੰਤਮ ਮਈ ਸਪਸ਼ਟ ਤੌਰ ਤੇ ਇਹ ਗੁਰਮਤਿ ਅਵਤੰਸੀ ਬੰਸਤਾ ਰਲਾਈ ਕਿ ਗੁਰੂ ਦਾ ਸਿੰਘ ਗੁਰਮਤਿ ਤੋਂ ਛੁਟ ਆਨਮਤ ਭੇਖਾਂ ਤੇ ਨਾ ਰੀਝੇ। ਆਨਮਤਾਂ ਉਪਰ ਰੀਝਣ ਵਾਲੇ ਨੂੰ ਗੁਰਮਤਿ ਦਾ ਮੂਲ ਅੰਸੀ ਤੱਤ ਨਸੀਬ ਹੀ ਨਹੀਂ ਹੁੰਦਾ। ਇਹੀ ਨਹੀਂ ਕਿ ਖੰਡੇ ਦੇ ਅੰਮ੍ਰਿਤ ਵਿਚ ਇਸ ਆਨਮਤ ਤੱਤ ਦਰਸੀ ਪਾਰਸ ਨੂੰ ਰਸਾਇਣ ਰੂਪ ਜਾਣ ਕੇ ਮਿਲਾਇਆ ਰਲਾਇਆ ਬਲਕਿ ਅੰਮ੍ਰਿਤਧਾਰੀ ਗੁਰਸਿਖ ਨੂੰ ਪੰਜੇ ਅੰਮ੍ਰਿਤ ਦੀਆਂ ਬਾਣੀਆਂ ਦਾ ਨਿਤਨੇਮ ਪਾਠ ਕਰਨਾ ਪਰਸਿਧ ਕਰਕੇ ਜਣਾਇਆ ਅਤੇ ਸਪਸ਼ਟ ਤੌਰ ਤੇ ਹੁਕਮਾਇਆ। ਏਹਨਾਂ ਪੰਜਾਂ ਬਾਣੀਆਂ ਵਿਚੋਂ ਸੁਧਾ ਸਵਈਆ ਵਾਲੀ ਸ੍ਰੀ ਮੁਖ ਦਸਮੇਸ਼ ਬਾਣੀ ਇਕ ਪਾਰਸ ਰਸਾਇਣੀ ਖਾਸ ਖਮੀਰ ਹੈ। ਪਹਿਲੇ ਸਵਈਏ ਵਿਚਿ ਹੀ ਸ੍ਰੀ ਦਸਮੇਸ਼ ਪਾਤਸ਼ਾਹ ਨੇ ਤੱਤ ਨਿਚੋੜ ਇਸ ਪ੍ਰਕਾਰ ਨਿਚੋੜਿਆ ਹੈ ਯਥਾ—

ਸਵਯਾ:—

ਸਰਾਵਗ ਸੁਧ ਸਮੂਹ ਸਿਧਾਨਕੇ
ਦੇਖ ਫਿਰਿਓ ਘਰ ਜੋਗ ਜਤੀ ਕੇ।
ਸੂਰ ਸੁਰਾਰਦਨ ਸੁਧ ਸੁਧਾਦਿਕ
ਸੰਤ ਸਮੂਹ ਅਨੇਕ ਮਤੀਕੇ।
ਸਾਰੇ ਹੀ ਦੇਸ ਕੋ ਦੇਖ ਰਹਿਓ
ਮਤ ਕੋਊ ਨ ਦੇਖੀਅਤ ਪ੍ਰਾਨ ਪਤੀਕੇ।



www.AKJ.Org

ਸ੍ਰੀ ਭਗਵਾਨ ਕੀ ਭਾਇ ਕਿਰਪਾ ਹੂੰ ਤੇ
ਏਕ ਰਤੀ ਬਿਨੁ ਏਕ ਰਤੀਕੇ ॥

ਇਸ ਸਵਈਏ ਦੇ ਭਾਵ ਤੋਂ ਸਾਫ ਸਪਸ਼ਟ ਹੈ ਕਿ ਤਿਆਰ ਬਰ ਤਿਆਰ ਸਿੰਘਾਂ ਲਈ ਕਿਸੇ ਭੀ ਮਤ ਦੇ ਭੇਖੀ ਨੂੰ ਸੰਤ ਸਮਝ ਕਰ ਕੇ ਮੰਨਣਾ ਮਹਾਂ ਮਨਮਤਿ ਹੈ। ਉਸ ਨੂੰ ਤੱਤ ਗੁਰਮਤਿ ਪ੍ਰਾਪਤਿ ਹੀ ਨਹੀਂ ਹੋ ਸਕਦੀ। ਉਹ ਗੁਰਸਿਖੀ ਦੇ ਮਾਰਗ ਤੇ ਚਲਣ ਦਾ ਅਧਿਕਾਰੀ ਹੀ ਨਹੀਂ ਜੋ ਆਨਮਤ ਭੇਖੀਆਂ ਨੂੰ ਸਾਧ ਸੰਤ ਸਮਝਕੇ ਭਰਮਦਾ ਭਟਕਦਾ ਫਿਰਦਾ ਹੈ। ਦੇਖੋ ਇਸ ਸਵਈਏ ਵਿਚਿ ਸਪਸ਼ਟਤਾ ਸਹਿਤ ਨਿਰੂਪਣ ਕੀਤਾ ਗਇਆ ਹੈ ਕਿ ਸਰਾਵਗ ਸਿਧ ਆਦਿ ਅਸੀਂ ਹਰ ਪਰਕਾਰ ਦੇ ਭੇਖ ਅਛੀ ਤਰਾਂ ਖੜਕਾ ਕੇ ਦੇਖ ਲਏ। ਏਹਨਾਂ ਵਿਚੋਂ ਕੋਈ ਭੀ ਸਾਰ ਗਰਾਹੀ ਨਹੀ ਹੋ ਸਕਦਾ। ਸਾਰਗਰਾਹੀ ਤਾਂ ਕੀ ਹੋਣਾ ਸੀ ਏਹਨਾਂ ਦੀ ਤਾਂ ਭਰਮ ਪਖੰਡਾਂ ਵਿਚੋਂ ਨਿਕਲਨ ਦੀ ਆਸ ਹੀ ਕੋਈ ਨਹੀਂ। ਸਭ ਤੋਂ ਪਹਿਲਾਂ ਅੰਮ੍ਰਿਤ ਦੇ ਦਾਤੇ ਸ੍ਰੀ ਗੁਰੂ ਦਸਮੇਸ਼ ਪਾਤਸ਼ਾਹ ਜੀ ਨੇ ਸਰੇਵੜਿਆਂ, ਜੈਨੀਆਂ ਬਾਰੇ ਦਸਿਆ ਹੈ ਕਿ ਆਪਣੇ ਆਪ ਨੂੰ ਸਭ ਸੁਧ ਪਵਿਤਰ ਗਰਦਾਨਣ ਵਾਲੇ ਜੈਨੀ ਸਰੇਵੜੇ ਸਰਾਵਗੀ ਬੋਧ ਮਤੀ ਪਰਮ ਪਖੰਡੀ ਹਨ। ਉਸ ਤੋਂ ਪਿਛੋਂ ਸਮੂਹ ਸਿਧਾਂ ਜੋਗੀਆਂ ਨੂੰ ਜੋ ਅਪਣੇ ਆਪ ਜਤੀ ਕਹਾਉਣ ਦੇ ਅਭਿਮਾਨੀ ਹਨ ਓਹਨਾਂ ਨੂੰ ਪਰਬੋਧਿਆ ਹੈ। ਇਹ ਜਤੀ ਸਦਾਉਣ ਹਾਰੇ ਜੋਗੀਆਂ ਸਿਧਾਂ ਦੇ ਭੇਖੀ ਘਰ ਨੂੰ ਖੂਬ ਸੋਧ ਸਾਧ ਕੇ ਗੁਰੂ ਦਸਮੇਸ਼ ਸਾਹਿਬ ਨੇ ਇਹ ਸਿੱਟਾ ਕਢਿਆ ਹੈ ਕਿ ਏਹਨਾਂ ਵਿਚਿ ਨਿਰਾ ਭਰਮ ਹੀ ਭਰਮ ਹੈ ਤੇ ਪਾਖੰਡ ਹੀ ਪਾਖੰਡ ਹੈ। ਤੱਤ ਸਾਰ ਗੁਰਮਤਿ ਦੀ ਰਾਈ ਮਾਤਰ ਭੀ ਏਹਨਾਂ ਅੰਦਰ ਨਹੀਂ। ਦੇਖੋ ਸਭ ਤੋਂ ਬਹੁਤੀ ਇਹ ਅਚਰਜ ਗਲ ਹੈ ਕਿ ਸ੍ਰੀ ਗੁਰੂ ਨਾਨਕ ਸਾਹਿਬ ਨੇ ਭੀ ਏਹਨਾਂ ਹੀ ਆਨਮਤੀ ਭੇਖਾਂ ਉਤੇ ਸਭ ਤੋਂ ਵਧ ਕੇ ਪਰਬੋਧਨ ਮਈ ਰਗੜਾ ਚਾੜ੍ਹਿਆ ਹੈ। ਸਿਧ ਗੋਸ਼ਟ ਆਦਿਕ ਹੋਰ ਅਨੇਕ ਪਰਕਾਰ ਦੀ ਗੁਰਬਾਣੀ ਦੁਆਰਾ ਏਹਨਾਂ ਹਠਜੋਗ ਵਾਲੇ ਜੋਗੀਆਂ ਨੂੰ ਬੜੇ ਹੀ ਨਿਰਾਲੇ ਤੌਰ ਤੇ ਪਰਬੋਧ ਪਰਬੋਧ ਕੇ ਸੋਧਿਆ ਹੈ ਜਿਸ ਤੋਂ ਇਹ ਗਲ ਨਿਸਚੇ ਕਰਕੇ ਜਾਣ ਲੈਣੀ ਚਾਹੀਦੀ ਹੈ ਕਿ ਉਹਨਾਂ ਭਰਮੀਆਂ ਭੇਖੀਆਂ ਪਰਚਾਰਕਾਂ ਦੇ ਮੂੰਹ ਉਤੇ ਬੜੀ ਹੀ ਕਸਵੀਂ ਚਪੇੜ ਮਾਰੀ ਹੈ ਜੋ ਇਸ ਗਲ ਦੇ ਕਥਨ ਵਿਚ ਰੰਚਿਕ ਮਾਤਰ ਭੀ ਸ਼ਰਮ ਨਹੀਂ ਖਾਂਦੇ ਕਿ ਏਸ ਵਿਸ਼ੇ ਪਰਥਾਇ ਗੁਰ ਨਾਨਕ ਗੁਰ ਦਸਮੇਸ਼ ਜੀ ਦੇ ਅਸੂਲਾਂ ਦਾ ਬੜਾ ਹੀ ਫਰਕ ਹੈ। ਓਹ ਇਹ ਸਮਝਦੇ ਹਨ ਤੇ ਇਹੋ ਹੀ ਜਾਣਾਉਂਦੇ ਹਨ ਕਿ ਸ੍ਰੀ ਦਸਮੇਸ਼ ਜੀ ਦੀ ਬਾਣੀ ਹੀ ਇਸ ਪਰਕਾਰ ਦੀ ਕਰੜਾਈ ਦਸਦੀ ਹੈ ਜੋ ਆਮ ਜਗਿਆਸੂਆਂ ਤੋਂ ਝਲੀ ਨਹੀਂ ਜਾ ਸਕਦੀ ਗੁਰੂ ਨਾਨਕ ਸਾਹਿਬ ਜੀ ਦੀ ਬਾਣੀ ਤਾਂ ਸੁਲਹ ਕੁਲ ਬਾਣੀ ਹੈ। ਦੇਖੋ ਉਪਰ ਲਿਖੇ ਗੁਰਪਰਮਾਣ ਅੰਦਰਿ ਜੋ ਜੋ ਕਰੜੇ ਪਦ (ਲਫਜ਼) ਗੁਰੂ ਨਾਨਕ ਸਾਹਿਬ ਜੀ ਨੇ ਜੈਨੀਆਂ ਸਰੇਵੜਿਆਂ ਨੂੰ ਪਰਬੋਧਨ ਲਈ ਵਰਤੇ ਹਨ ਉਹ ਗੁਰੂ ਦਸਮੇਸ਼ ਜੀ ਕਿਤੇ ਭੀ ਨਹੀਂ ਵਰਤੇ। ਪਰੰਤੂ ਗੁਰਸਿੱਖ ਸਜਣਾਂ ਨੂੰ ਗੁਰਮਤਿ ਧਾਰੀ ਸਿੰਘਾਂ ਨੂੰ ਡਾਂਟਿਆ ਜ਼ਰੂਰ ਹੈ ਕਿ ਏਹਨਾਂ ਭੇਖ ਧਾਰੀਆਂ ਉਪਰ ਅਨਿੰਨ ਗੁਰਸਿੱਖ ਸਿੰਘ ਸਜਣਾਂ ਨੂੰ ਕਦੇ ਭੀ ਨਹੀਂ ਪਤੀਜਣਾ ਰੀਝਣਾ ਚਾਹੀਦਾ। ਜੋ ਜਨੁ ਗੁਰਮਤਿ ਮਤ ਦੇ ਧੀਂਗੋ ਧੀਂਗੀ ਦੇ ਸਾਧ ਸੰਤ ਕਹਾ ਕੇ ਏਸ ਪਰਕਾਰ ਦਾ ਧੋਖਾ ਦੇਹ ਪਰਚਾਰ ਕਰਦੇ ਹਨ ਕਿ 'ਸੰਤ ਸਮੂਹ ਅਨੇਕ ਮਤੀਕੇ' ਵਾਲੀ ਅਧ ਪੰਗਤੀ ਸਾਰੇ ਹੀ ਮਤਾਂ ਭੇਖਾਂ ਵਾਲੇ ਸੰਤਾਂ ਨੂੰ ਸਰੇਸ਼ਟ ਕਰਕੇ ਵਿਦਤਾਉਂਦੀ ਹੈ. ਓਹ ਮਹਾਂ ਅਪਰਾਧ ਕਰ ਰਹੇ ਹਨ। ਇਸ ਦੁਆਰਾ ਤਾਂ ਸਪਸ਼ਟ ਤੌਰ ਤੇ ਗੁਰੂ ਸਾਹਿਬ ਨੇ (ਸ੍ਰੀ ਗੁਰੂ ਦਸਮੇਸ਼ ਜੀ ਨੇ) ਤਾਂ ਆਪੋਂ ਬਣ ਬੈਠੇ ਸਮੂਹ ਆਨਮਤੀ ਸੰਤਾਂ ਦੇ ਭੇਖਾਂ ਦਾ ਖੰਡਣ ਕੀਤਾ ਹੈ ਨਾ ਕਿ ਮੰਡਣ। ਗੁਰਮਤਿ ਤੋਂ ਛੁਟ ਹੋਰ ਅਨੇਕ ਮਤੀਆਂ ਕੁਮਤੜੀਆਂ ਵਾਲੇ ਸਮੂਚੇ ਹੀ ਸੰਤ ਗੁਰਮਤਿ ਤੋਂ ਗੁਮਰਾਹ ਹਨ। ਅਤੇ ਅਪਣੀ ਆਨਮਤ ਭੇਖਤਾ ਦੁਆਰਾ ਗੁਮਰਾਹ ਕੁਨ ਪ੍ਰਾਪੇਗੰਡਾ ਕਰਦੇ ਹਨ। ਤੀਸਰੀ ਪੰਗਤੀ ਨੇ ਤਾਂ ਸਾਫ਼ ਹੀ ਸਪਸ਼ਟਾ ਦਿਤਾ ਕਿ ਸਾਰੇ ਹੀ ਦੇਸ ਦਿਸਾਂਤਰਾਂ ਦੇ ਮਤ ਮਤਾਂਤਰਾਂ ਅੰਦਿਰ ਪਾਖੰਡ ਹੀ ਪਾਖੰਡ ਹੈ। ਗੁਰਮਤਿ ਤੱਤ ਪਰਚੰਡਨਾ ਅੰਸ ਮਾਤਰ ਭੀ ਓਹਨਾਂ ਵਿਚ ਨਹੀਂ। ਓਹਨਾਂ ਵਿਚੋਂ ਪ੍ਰਾਨ ਪਤੀ ਪ੍ਰੀਤਮ ਪ੍ਰਮਾਤਮਾ ਦਾ ਦਰਸ਼ਨ ਮਤ ਇਕ ਭੀ ਨਹੀਂ। ਇਹ ਠੋਕ ਬਜਾ ਕੇ ਅਜ਼ਮਾ ਅਜ਼ਮਾ ਕੇ ਅਸੀਂ ਦੇਖ ਲਿਆ ਹੈ। ਏਹਨਾਂ ਦੇ ਅੰਦਰ ਪਰਮਾਰਥੀ ਪ੍ਰੇਮ ਪ੍ਰੀਤ ਦੀ ਰੱਤੀ ਮਾਤਰ ਭੀ ਸਚਾਈ ਨਹੀਂ। ਬੜੇ ਹੀ ਅਫਸੋਸ ਨਾਲ ਕਹਿਣਾ ਪੈਂਦਾ ਹੈ ਕਿ ਏਹਨਾਂ ਸਵਈਆਂ ਦੇ ਨਿਤਨੇਮੀ ਗੁਰਮਤਿ ਧਾਰਨੀ ਪ੍ਰੇਮੀ ਭੇਖੀ ਭਰਮੀ ਮਤੀਸਰਾਂ ਉਤੇ ਡੋਲਣ ਤਾਂ ਕਿਉਂ ਡੋਲਣ। ਡੋਲਣ ਵਾਲਿਆਂ ਦੀ ਬੜੀ ਹੀ ਅਧੋਗਤੀ ਹੈ ਉਹ ਕਦੇ ਭੀ ਸੂਧੇ ਮਾਰਗ ਸਚੇ ਗੁਰਮਤਿ*



www.AKJ.Org

# ਸਿੱਖ ਪੰਥ ਦੇ ਵਿਸ਼ੇਸ਼ ਧਿਆਨ ਯੋਗ

## ਅਸੀਂ ਕਿਧਰ ਜਾ ਰਹੇ ਹਾਂ ?

ਸਿੱਖ ਨੌਜਵਾਨ, ਸਿੱਖ ਆਗੂ, ਗੁਰਦੁਆਰਾ ਕਮੇਟੀਆਂ, ਧਾਰਮਕ ਜਥੇਬੰਦੀਆਂ, ਸਾਰੇ ਇਸ ਫ਼ੀਚਰ ਵਲ ਧਿਆਨ ਦੇਣ ਦੀ ਕਿਰਪਾਲਤਾ ਕਰਨ ਜੀ ਇਹ ਸਮੇਂ ਦੀ ਮੰਗ ਹੈ।

( ਵਲੋਂ ਗਿ: ਜਸਮੇਰ ਸਿੰਘ ਪਾਲ ਚੰਡੀਗੜ੍ਹ )

ਸਿੱਖ ਪੰਥ ਦੀ ਅੱਜ ਦਸ਼ਾ ਹੀ ਕੁਝ ਹੋਰ ਦੀ ਹੋਰ ਹੋ ਗਈ ਹੈ। ਮੈਨੂੰ ਇਥੇ ਪੜਚੋਲ ਕਰਨ ਦਾ ਮੌਕਾ ਹੱਥ ਆਇਆ ਹੈ। ਕਈ ਸਜਣਾਂ ਨੂੰ ਮੇਰੀਆਂ ਕੁਝ ਗੱਲਾਂ ਬੁਰੀਆਂ ਵੀ ਲਗਣਗੀਆਂ, ਚੁਭਣਗੀਆਂ ਵੀ। ਪਰ ਸੱਚ ਕੌੜਾ ਹੁੰਦਾ ਹੈ। ਸਚਾਈ ਤੇ ਭਾਵੇਂ ਅਸੀਂ ਨਾ ਵੀ ਟੁਰੀਏ ਫਿਰ ਵੀ ਸਚਾਈ ਦਾ ਮੀਲ ਪੱਥਰ ਸਥਿਰ ਰਹਿੰਦਾ ਹੈ। ਸੁਪਨੇ ਤੇ ਕਲਪਨਾ ਉਡ ਜਾਂਦੀ ਹੈ ਸਚਾਈ ਦਾ ਤੱਤ ਸਾਡੇ ਕੋਲ ਰਹਿ ਜਾਂਦਾ ਹੈ। ਇਸ ਲੇਖ ਵਿਚ ਕੋਈ ਵਡੇ ਫਿਲਾਸਫਰਾਂ, ਆਲਮਾਂ ਵਾਲੀਆਂ ਗੱਲਾਂ ਨਹੀਂ ਲਿਖੀਆਂ ਮਿਲਣਗੀਆਂ। ਜੋ ਕੁਝ ਮੈਨੂੰ ਅਨਭਵ ਹੋਇਆ ਜੋ ਕੁਝ ਮੈਂ ਵੇਖਿਆ, ਆਪਣੇ ਤਜਰਬੇ ਦੇ ਅਧਾਰ ਤੇ ਸਾਕਾਰ ਕਰਨ ਦਾ ਮਾਮੂਲੀ ਜਿਹਾ ਉਪਰਾਲਾ ਹੈ। ਸਿੱਖ ਕੌਮ ਜੋਧਿਆਂ ਦੀ, ਸੰਤਾਂ ਮਹਾਤਮਾਂ, ਸ਼ਹੀਦਾਂ, ਪਰਉਪਕਾਰੀ ਮਰਜੀਵੜਿਆਂ ਦੀ ਕੌਮ ਹੈ। ਸਤਾਰਵੀਂ ਤੇ ਅਠਾਰਵੀਂ ਸਦੀ ਦੇ ਸਿੱਖਾਂ ਦੀਆਂ ਅਸੀਂ ਮਿਸਾਲਾਂ ਪੇਸ਼ ਕਰਦੇ ਰਹਿੰਦੇ ਹਾਂ ਪ੍ਰੰਤੂ ਸਾਡੇ ਆਪਣੇ ਜੀਵਨ ਰਸਾਤਲ ਵਲ ਚਲੇ ਗਏ ਹਨ। ਅਜੋਕੇ ਸਿੱਖਾਂ ਦਾ ਭਵਿਖਤ ਸ਼ਾਨਦਾਰ ਨਹੀਂ। ਪਾਰਟੀਬਾਜ਼ੀ, ਚੌਧਰ ਤੇ ਗੁਟਬੰਦੀ, ਗੱਦੀ ਲਈ ਹੰਭਲਿਆਂ ਦਾ ਭਵਿਖਤ ਭਾਵੇਂ ਸ਼ਾਨਦਾਰ ਹੋਵੇ। ਝੂਠੀ ਪਾਲੀਟਿਕਸ ਦਾ ਭਾਵੇਂ ਬੋਲਬਾਲਾ ਹੋਵੇ ਪਰੰਤੂ ਸਿੱਖੀ ਦਾ ਨਹੀਂ। ਅਸੀਂ ਸਿੱਖੀ ਦੇ ਆਸ਼ੇ ਤੋਂ ਬਹੁਤ ਦੂਰ ਚਲੇ ਗਏ ਹਾਂ। ਕਈ ਆਖਦੇ ਹਨ ਕਿ ਸਿੱਖੀ ਨੂੰ ਖਤਰਾ ਕੋਈ ਨਹੀਂ। ਇਹ ਵਡੀ ਭੁਲ ਹੈ। ਦੁਨੀਆਂ ਵਿਚ ਬੇ-ਅਸੂਲੇ ਦੀ ਜਿਤ ਨਹੀਂ। ਜਿਤ ਹਮੇਸ਼ਾਂ ਆਦਰਸ਼ ਦੀ ਰਹੀ ਹੈ। ਜਿਸ ਕੌਮ ਦਾ ਆਦਰਸ਼ ਗੁੰਮ ਹੈ ਉਸ ਕੌਮ ਦੇ ਲੋਕੀਂ ਵੀ ਅਟਕਲਪੱਚੂ

---

*ਮਾਰਗ ਤੇ ਆ ਨਹੀਂ ਸਕਦੇ। ਸਾਡੇ ਦੇਖਣ ਪਰਖਣ ਵਿਚਿ ਕੋਈ ਅਜੇਹੇ ਅੰਮ੍ਰਿਤਧਾਰੀ ਸਿੱਖ ਸਜਣ ਭੀ ਆਏ ਹਨ ਜੋ ਅਜੇਹਿਆਂ ਅਨਮਤੀਆਂ ਪਖੰਡੀਆਂ ਨੂੰ ਸੰਤ ਹੀ ਸ਼ੁਮਾਰ ਕਰੀ ਫਿਰਦੇ ਹਨ। ਇਹ ਉਕਾ ਹੀ ਗੁਰੂ ਸਾਹਿਬਾਨ ਦੀ ਦਰਸਾਈ ਗੁਰਮਤਿ ਤੋਂ ਪ੍ਰਤਿਕੂਲ ਹੈ। ਜੀਹਨਾਂ ਗੁਰ-ਸਿਖਾਂ ਅੰਦਰਿ ਇਹ ਅਨਿਨ ਸ਼ਰਧਾ ਨਹੀ ਉਪਜੀ ਕਿ ਗੁਰਮਤਿ ਮਾਰਗ ਉਤੇ ਚਲਣ ਵਾਲੇ ਤੱਤ ਗੁਰਮਤਿ ਮਾਰਗੀਆਂ ਤੋਂ ਛੁਟ ਹੋਰ ਕਿਸੇ ਭੀ ਅਨਮਤ ਮਾਰਗ ਵਾਲੇ ਭੇਖੀ ਸੰਤ ਸਾਧ ਉਕੇ ਹੀ ਨਹੀਂ ਓਹਨਾਂ ਨੂੰ ਗੁਰਮਤ ਦੇ ਉਚ ਪਰਮਾਰਥ ਦੀ ਚੜ੍ਹਦੀਕਲਾ ਵਾਲਾ ਮੌਜ ਕਦੇ ਭੀ ਪ੍ਰਾਪਤ ਨਹੀ ਹੋ ਸਕਦਾ ਇਸੇ ਕਰਕੇ ਹੀ ਅਸੀਂ ਅਨੇਕਾਂ ਗੁਰਮਤਿ ਮਾਰਗੀ ਅੰਮ੍ਰਿਤਧਾਰੀ ਸਿੰਘਾਂ ਨੂੰ ਡਕੋ ਡੋਲੇ ਖਾਂਦੇ ਦੇਖਿਆ ਪਰਖਿਆ ਹੈ। ਗੁਰੂ ਸਾਹਿਬ ਨੇ ਤਾਂ ਓਹਨਾਂ ਸੁਰ ਨਰ ਮੁਨ ਜਨਾਂ ਨੂੰ ਖੰਡ ਪਰਚੰਡ ਸਿਟਿਆ ਜਿਹਨਾਂ ਨੂੰ ਕਿ ਹਿੰਦੂ ਮਤ ਵਾਲੇ ਸੰਤ ਹੀ ਨਹੀਂ ਤਸੱਵਰ ਕਰਦੇ ਬਲਕਿ ਅਜਿਤ ਸੂਰਮੇ ਅਤੇ ਸਿਰਕੱਢ ਦੇਵਤੇ ਕਰਕੇ ਮੰਨਦੇ ਹਨ। ਅਨਮਤਿ ਵਾਲੇ ਕੋਈ ਸਾਧ ਤੇ ਸੰਤ ਨਹੀਂ ਛਡਿਆ ਸਭ ਨੂੰ ਭੇਖੀ ਭਰਮੀ ਭਗਤ ਕਰਮੀ ਕਨਿਸ਼ਟ ਧਰਮੀ ਹੀ ਸਿਧ ਕੀਤਾ ਹੈ। ਕੇਵਲ ਉਹੀ ਤਤ ਗੁਰਮਤਿ ਧਾਰਨੀ ਅਨਿੰਨ ਗੁਰਮੁਖ ਸਿੰਘ ਸਜਣ ਹੀ ਏਸ ਇੱਲਤ ਤੋਂ ਬਚੇ ਹੋਏ ਹਨ ਜਿਨਾਂ ਉਪਰ ਸਿਰੀ ਭਗਵਾਨ ਵਾਹਿਗੁਰੂ ਪਰਮਾਤਮਾ ਦੀ ਖਾਸ ਕਿਰਪਾ ਹੋਈ।



www.AKJ.Org

ਹੀ ਹੋਣਗੇ । ਬੇ-ਅਸੂਲੇਪਨ ਦਾ ਵਰਤਾਰਾ ਸਿੱਖੀ ਨੂੰ ਢਾਹ ਲਾ ਰਿਹਾ ਹੈ । ਡੰਭਧਾਰੀ, ਭੇਖੀ ਸਾਧ ਸੰਤ, ਦੇਹਧਾਰੀਆਂ ਦੇ ਚਕਰਾਂ ਵਲੋਂ ਸਿੱਖੀ ਨੂੰ ਢਾਅ ਲਗੀ ਹੋਈ ਹੈ । ਦੋ ਵਿਚ ਦੋ ਜੋੜੇ ਜਾਣ ਚਾਰ ਹੋਣਗੇ ਪਰ ਅਜ ਦਾ ਜ਼ਮਾਨਾ ਇਹ ਆਖਣ ਨਹੀਂ ਦਿੰਦਾ । ਕੋਈ ਆਖਦਾ ਹੈ ਤਿੰਨ ਹੁੰਦੇ ਹਨ ਕੋਈ ਇਕ, ਕੋਈ ਡੇਢ, ਕੋਈ ਪੰਜ । ਕਈ ਆਖਦੇ ਹਨ ਕਿ ਮੂੰਹ ਨਾ ਖੋਲੋ । ਸੁਆਲ ਨੂੰ ਹੱਥ ਤਕ ਨਾ ਪਾਉ । ਜਿਹੜਾ ਆਖਦਾ ਹੈ ਦੋ ਤੇ ਦੋ ਚਾਰ ਹੁੰਦੇ ਹਨ ਉਹ ਲੋਕਾਂ ਵਲੋਂ ਦੁਰਕਾਰਿਆ ਜਾਂਦਾ ਹੈ । ਕਿਉਂ ਜੁ ਸੱਚ ਕੌੜਾ ਹੈ ਪਰ ਭਾਈ ਗੁਰਦਾਸ ਜੀ ਜੋ ਸਿੱਖ ਧਰਮ ਦੇ ਸੇਂਟਪਾਲ ਮੰਨੇ ਗਏ ਹਨ ਦੀ ਪੱਕੀ ਗਵਾਹੀ ਅਨੁਸਾਰ ਕੂੜ ਭਾਵੇਂ ਸੌ ਘਾੜਤਾਂ ਘੜੇ, ਕਿੰਨੇ ਪਾਜ ਚਾੜ੍ਹੀ ਜਾਵੇ, ਸੱਚ ਨੂੰ ਨਹੀਂ ਪੁਜ ਸਕਦਾ । ਸਚਾਈ ਅਡੋਲ ਰਹੇਗੀ । ਸਚਾਈ ਨੂੰ ਕੋਈ ਖਤਰਾ ਨਹੀਂ । ਜਿਹੜਾ ਵੀ ਕੋਈ ਸਚਾਈ ਦੇ ਪੈਰਾਂ ਵਿਚ ਕੰਡੇ ਖਿਲਾਰੇਗਾ, ਸਚਾਈ ਕੰਡਿਆਂ ਉਤੇ ਟੁਰਨਾ ਸਿਖ ਲਵੇਗੀ । ਸੱਚੇ ਆਦਮੀ ਨੂੰ ਜੋ ਮੁਸ਼ਕਲਾਂ ਵਿਚ ਪਾਵੇਗਾ ਸੱਚਾ ਆਦਮੀ ਮੁਸ਼ਕਲਾਂ ਨੂੰ ਹੱਲ ਕਰਨ ਲਈ ਖਲੋ ਜਾਵੇਗਾ । ਇਕ ਪਾਸਿਉਂ ਗੁੰਝਲਾਂ ਪੈਣਗੀਆਂ ਦੂਜੇ ਪਾਸਿਉਂ ਖੁਲਦੀਆਂ ਜਾਣਗੀਆਂ । ਸਿੱਖੀ ਵਿਰਸਾ ਵਿਸ਼ੇਸ਼ ਹੈ । ਇਹ ਇਕ ਵਖਰੀ ਭਾਂਤ ਦਾ ਆਤਮਕ ਦਰਸ਼ਨ ਹੈ । ਇਹ ਅਬਚਲੀ ਜੋਤ ਦਾ ਝਲਕਾਰਾ ਹੈ । ਇਥੇ ਨਾ ਭੁਖ ਟਿਕਦੀ ਹੈ ਨਾ ਦੁਖ ਟਿਕਦਾ ਹੈ । ਇਥੇ ਨਾ ਗ਼ਮ ਟਿਕਦਾ ਹੈ ਨਾ ਖੁਸ਼ੀ ਟਿਕਦੀ ਹੈ । ਇਥੇ ਚਾਅ ਤੇ ਮਲਾਰ ਹਨ ਦੁਖਾਂ ਵਿਚ । ਇਥੇ ਸ਼ੋਕ ਤੇ ਸ਼ਹੀਦੀਆਂ ਹਨ ਹਸਦਿਆਂ ਖੇਡਦਿਆਂ । ਸਿੱਖ ਧਰਮ ਵਿਸ਼ੇਸ਼ ਬਿਰਤੀ ਦਾ ਲਖਾਇਕ ਹੈ । ਸ੍ਰੀ ਗੁਰੂ ਗੋਬਿੰਦ ਸਿੰਘ ਜੀ ਆਖਦੇ ਸਨ ਮੈਨੂੰ ਇਕ ਆਦਤ ਹੈ. ਮੇਰੇ ਵਿਚ ਇਕ ਵੇਗ ਹੈ ਉਹ ਕੀ ਹੈ ? ਮੈਂ ਜਦੋਂ ਆਪਣੀ ਗੱਲ ਆਖਣੀ ਚਾਹੁੰਦਾ ਹਾਂ ਆਖਣ ਤੋਂ ਪਹਿਲਾਂ ਮੈਂ ਕਦੇ ਨਹੀਂ ਸੋਚਦਾ ਕਿ ਮੇਰੀ ਗਲ ਨਾਲ ਕੋਈ ਗੁਸੇ ਹੋ ਜਾਵੇਗਾ ਜਾਂ ਕੋਈ ਖੁਸ਼ ਹੋ ਜਾਵੇਗਾ । ਮੈਂ ਤਾਂ ਸੱਚੋ ਸੱਚ ਆਖ ਦੇਣਾ ਹੈ । ਸੱਚ ਆਖਣ ਦਾ ਮੁਲ ਉਦੋਂ ਸਭ ਤੋਂ ਵਧ ਹੈ ਸੱਚ ਨੂੰ 'ਸਚ ਕੀ ਵੇਲਾ' ਆਖੀਏ । 'ਸਚ ਕੀ ਵੇਲਾ' ਦੀ ਪਛਾਣ ਹਰ ਕੋਈ ਨਹੀਂ ਕਰ ਸਕਦਾ । ਦਸਮੇਸ਼ ਜੀ ਆਖਦੇ ਹਨ ਜੋ ਮੇਰੇ ਪ੍ਰਭੂ ਨੇ ਮੈਨੂੰ ਆਖਿਆ ਹੁੰਦਾ ਹੈ ਉਹ ਮੈਂ ਲੋਕਾਂ ਦੀ ਭੀੜ ਵਿਚ ਆਖਦਾ ਹਾਂ ਕਿਸੇ ਦੇ ਦਬਾਅ ਥਲੇ ਜ਼ਰਾ ਵੀ ਨਹੀਂ ਆਉਂਦਾ ।

'ਨਾ ਕਾਨ ਕਾਹੂ ਕੀ ਧਰੋਂ
ਕਿਹਾ ਪ੍ਰਭੂ ਸੋ ਮੈਂ ਕਰੋਂ'
(ਬਚਿਤ੍ਰ ਨਾਟਕ)

ਖਾਸ ਵਿਅਕਤੀ ਖਾਸ ਮੌਕਿਆਂ ਤੇ ਆਉਂਦੀਆਂ ਹਨ। ਖਾਸ ਘਟਨਾਵਾਂ ਨੂੰ ਜਨਮ ਦਿੰਦੀਆਂ ਹਨ । ਦੁਨੀਆਂ ਦੇ ਪੈਗੰਬਰਾਂ, ਫਿਲਾਸਫਰਾਂ. ਮਹਾਂ ਪੁਰਸ਼ਾਂ, ਜੋਧਿਆਂ, ਨੀਤੀਵਾਨਾਂ, ਆਗੂਆਂ ਨੇ ਬੜੀਆਂ ਘਾਲਣਾਂ ਘਾਲ ਕੇ ਮਨੁਖਤਾ ਲਈ ਸਚਾ-ਈਆਂ ਲਭ ਕੇ ਲੀਹਾਂ ਪਾਈਆਂ ਹੁੰਦੀਆਂ ਹਨ ਜਿਵੇਂ ਸੁਕਰਾਤ, ਈਸਾ, ਹਜ਼ਰਤ ਮੁਹੰਮਦ ਸਾਹਿਬ, ਬੁਧ ਜੀ, ਕਨਫੀਊਸ਼ਿਸ, ਮਾਰਕਸ, ਐਂਗਲਜ਼ ਆਦਿ ਨੇ। ਪ੍ਰੰਤੂ ਪੁਜਾਰੀ ਸ਼੍ਰੇਣੀ ਉਨ੍ਹਾਂ ਆਗੂਆਂ ਮਗਰੋਂ ਉਨ੍ਹਾਂ ਦੀਆਂ ਪਾਈਆਂ ਲੀਹਾਂ ਨੂੰ ਦੱਬ ਲੈਂਦੀ ਹੈ । ਮਨੁਖਤਾ ਹਨੇਰੇ ਵਿਚ ਰਹਿ ਜਾਂਦੀ ਹੈ। ਸੱਚ ਦੇ ਪ੍ਰਕਾਸ਼ ਨੂੰ ਰੋਕ ਲਿਤਾ ਜਾਂਦਾ ਹੈ । ਇਵੇਂ ਮਨੁਖਤਾ ਤੇ ਈਸ਼ਵਰ ਵਿਚਕਾਰ ਦੀਵਾਰ ਬਣ ਜਾਂਦੀ ਹੈ। ਸਿੱਖੀ ਮਾਨਵਤਾ ਦਾ ਧਰਮ ਹੈ, ਜਿਥੇ ਸਿਖ ਨੂੰ ਗੁਰਦੁਆਰੇ ਦੇ ਫਰਸ਼, ਦਰੀਆਂ, ਜੋੜੇ ਝਾੜਨ ਦੀ, ਲੰਗਰ ਦੀ ਸੇਵਾ ਸਿਖਾਈ ਜਾਂਦੀ ਹੈ ਉਥੇ ਇਸ ਜੋੜੇ ਝਾੜਨ ਵਾਲੇ ਸੇਵਾਦਾਰ ਨੂੰ ਇਹ ਵੀ ਸਿਖਾਇਆ ਜਾਂਦਾ ਹੈ ਕਿ ਇਹ ਤਲਵਾਰ ਦੀ ਯੋਗ ਵਰਤੋਂ ਕਰਕੇ ਮਜ਼ਲੂਮਾਂ ਦੀ ਰਖਿਆ ਕਰੇ। ਇਹ ਮਨੁਖਤਾ ਦੀ ਸੇਵਾ ਹੈ। ਸਟੀਲ ਦੇ ਖੰਡੇ ਦੀਆਂ ਦੋ ਧਾਰਾਂ ਹਨ, ਦੋ ਪਿਠਾਂ ਜੋੜਨ ਨਾਲ ਇਹ ਖੰਡਾ ਬਣਿਆ ਹੈ। ਇਕ ਧਾਰ ਮਨੁਖਤਾ ਨੂੰ ਇਕ ਕਰਦੀ ਹੈ । ਸੇਵਾ ਸਿਖਾਉਂਦੀ ਹੈ, ਗਰੀਬਾਂ ਤੇ ਲੋੜਵੰਦਾਂ ਲਈ ਲੰਗਰ ਖੋਲਦੀ ਹੈ । ਇਹ ਪਹਿਲੀ ਧਾਰ ਗਰੀਬਾਂ, ਮਜ਼ਲੂਮਾਂ ਨੂੰ ਆਖਦੀ ਹੈ ਸਾਰੇ ਕਠੇ ਹੋ ਕੇ ਦੇਗ ਛਕੋ, ਲੰਗਰ ਛਕੋ । ਓਹ ਲੰਗਰ ਸਾਰਿਆਂ ਦੀ ਘਾਲ ਦਾ ਫਲ ਹੈ । 'ਏਕ ਪਿਤਾ ਏਕਸ ਕੇ ਹਮ ਬਾਰਿਕ' ਦਾ ਸਫਲ ਪ੍ਰਗਟਾਵਾ ਹੈ । ਜਦੋਂ ਸਾਰੇ ਇਕ ਥਾਂ ਇਕ ਝੰਡੇ ਹੇਠ ਜ਼ਥੇਬੰਦ ਹੋਣਗੇ ਦੂਜੀ ਧਾਰ ਆਖੇਗੀ ਜ਼ਾਲਮਾ ਨੂੰ ਸਜ਼ਾ ਦੇਣ ਲਈ ਮੈਦਾਨ ਵਿਚ ਨਿਤਰੋ । ਇਹ ਧਾਰਾ ਤੇਗ ਹੈ । ਦੇਗ ਤੇਗ ਦਾ ਸੁਮੇਲ ਹੈ ! ਜਦੋਂ ਜਿਤ ਪ੍ਰਾਪਤ ਹੋ ਜਾਂਦੀ ਹੈ ਆਪੇ ਤੋਂ ਬਾਹਰ ਨਾ ਜਾਉ । ਕਿਉਂਕਿ ਜਿਤ ਪ੍ਰਮਾਤਮਾਂ ਦੀ ਹੈ । ਜੇ ਕਰ ਜਿਤ ਕੇ ਹੰਕਾਰ ਕਰੋਗੇ ਜਿਤ ਚਲੀ ਜਾਵੇਗੀ। ਕੌਮ ਲਈ ਕੋਈ ਨਾ ਕੋਈ ਟਾਈਮ ਆਉਂਦਾ ਹੈ ਜਦੋਂ ਉਸਨੇ ਫੈਸਲਾ ਕਰਨਾ ਹੁੰਦਾ ਹੈ ਕਿ ਕਿਧਰ ਜਾਣਾ ਹੈ । ਸਿੱਖ ਲਈ ਵੀ ਇਹ ਸਮਾਂ ਆ ਸਕਦਾ ਹੈ । ਨਿਤ ਵਰਤੋਂ ਦੀ ਜ਼ਿੰਦਗੀ ਵਿਚ ਹਰ ਸਿਖ ਲਈ ਇਹ ਸਮਾਂ ਆਉਂਦਾ ਹੈ ਕਿ ਉਸ ਨੇ



www.AKJ.Org

ਕਿਧਰ ਪੈਰ ਰਖਣਾ ਹੈ। ਪੈਰ ਸੰਭਾਲ ਕੇ ਟੁਰਨਾ ਠੀਕ ਹੈ। ਇਹ ਗੁਰਮੁਖ ਗਾਡੀ ਰਾਹ ਹੈ। ਇਸਤੇ ਵਿਰਲੇ ਟੁਰਦੇ ਵੇਖੇ ਗਏ ਹਨ। ਇਹ ਮਾਰਗ ਪੁਰਸਲਾਤ ਕਾ ਪੰਥ ਦੁਹੇਲਾ ਹੈ। ਇਕ ਪਾਸੇ ਜਗਤ ਦੇ ਵਿਖਾਵੇ ਹਨ, ਦੁਨੀਆਂ ਦਾ ਪਸਾਰਾ ਹੈ, ਮੌਜ ਮੇਲੇ ਹਨ। ਦੂਜੇ ਪਾਸੇ ਇਨਾਂ ਸੁਖਾਂ, ਦੁਨੀਆਂ ਦੇ ਸੁਆਦਾਂ ਦਾ ਬੰਦ ਹੋ ਜਾਣਾ ਹੈ। ਪ੍ਰੋਫੈਸਰ ਸਾਹਿਬ ਸਿੰਘ ਜੀ ਲਿਖਦੇ ਹਨ ਕਿ ਪਰਾਈ ਨਿੰਦਿਆ ਦਾ ਚਸਕਾ ਇਨਾਂ ਪਰਬਲ ਹੈ ਕਿ ਕੋਲੋਂ ਘਿਉ ਦਾ ਘੜਾ ਭਾਵੇਂ ਡੁਲ੍ਹ ਜਾਵੇ ਪਰ ਅਸੀਂ ਇਹ ਚਸਕਾ ਛਡਣ ਲਈ ਤਿਆਰ ਨਹੀਂ। ਅਭੜਵਾਹ ਬੋਲਦੇ ਰਹਾਂਗੇ। ਮਨ, ਬਚਨ, ਕਰਮ ਕਰਕੇ ਕਿਸੇ ਵੀ ਢੰਗ ਨਾਲ ਅਸੀਂ ਆਪਣੇ ਆਪ ਨੂੰ ਰੋਕ ਨਹੀਂ ਸਕਦੇ। ਭਜਨ ਪਾਠ, ਗੁਰਬਾਣੀ ਦਾ ਅਸਰ ਬਹੁਤ ਘਟ ਲੋਕਾਂ ਤੇ ਹੋਇਆ ਹੁੰਦਾ ਹੈ। ਕੁਝ ਬਾਣੀ ਪੜ੍ਹਦੇ ਹਨ ਅਮਲ ਨਹੀਂ ਕਰਦੇ। ਉਨ੍ਹਾਂ ਨੂੰ ਸਵਾਦ ਨਹੀਂ ਆਇਆ ਹੁੰਦਾ। ਆਮ ਕਰਕੇ ਵੇਖਿਆ ਗਿਆ ਹੈ ਕਿ ਸਿੰਘ ਨਿਤਨੇਮ ਤਾਂ ਸਾਰਾ ਕਰ ਛਡਦੇ ਹਨ ਪਰ ਇਸ ਤੋਂ ਅਗੇ ਨਹੀਂ ਜਾਂਦੇ। ਇਹ ਵਡੀ ਭੁਲ ਹੈ। ਕਈ ਬਾਣੀਆਂ ਉਨ੍ਹਾਂ ਛੂਹੀਆਂ ਹੀ ਨਹੀਂ ਹੁੰਦੀਆਂ। ਸਾਰੇ ਆਦਿ ਸ੍ਰੀ ਗੁਰੂ ਗਰੰਥ ਸਾਹਿਬ ਜੀ, ਸ੍ਰੀ ਦਸਮ ਗਰੰਥ ਜੀ, ਵਾਰਾਂ ਭਾਈ ਗੁਰਦਾਸ ਜੀ, ਭਾਈ ਨੰਦ ਲਾਲ ਦੀਆਂ ਗਜ਼ਲਾਂ ਦੀ ਹਰ ਸਿਖ ਨੂੰ ਵਾਕਫੀਅਤ ਹੋਣੀ ਪਰਮ ਆਵਸ਼ਕ ਹੈ। ਕੇਵਲ ਨਿਤਨੇਮ ਨਾਲ ਕੰਮ ਨਹੀ ਚਲ ਸਕਦਾ। 'ਪਿਉ ਦਾਦੇ ਦੇ ਸਾਰੇ ਖਜ਼ਾਨੇ ਨੂੰ ਫਰੋਲਣ ਦੀ ਲੋੜ ਹੈ' ਇਹ ਭੰਡਾਰ ਜਿਵੇਂ ਖੋਜੋਗੇ ਵਧਦਾ ਜਾਵੇਗਾ। ਸਾਰਿਆਂ ਨੂੰ ਰਲ ਮਿਲਕੇ ਇਹ ਭੰਡਾਰ ਭੁਚਣਾ ਚਾਹੀਦਾ ਹੈ। ਖੰਡੇ ਦੇ ਅੰਮ੍ਰਿਤ ਨੂੰ ਨਾਮ ਦੇ ਅੰਮ੍ਰਿਤ ਦਾ ਫਲ ਲਗਦਾ ਹੈ। ਨਾਮ ਅੰਮ੍ਰਿਤ ਹੈ

'ਅੰਮ੍ਰਿਤ ਨਾਮ ਨਿਧਾਨ ਹੈ ਮਿਲ ਪੀਵਹੁ ਭਾਈ॥'

ਨਾਮ ਦੇ ਅੰਮ੍ਰਿਤ ਦੀ ਪ੍ਰਾਪਤੀ ਲਈ ਖੰਡੇ ਧਾਰ ਪਾਹੁਲ ਛਕਣ ਦੀ ਪ੍ਰੇਰਨਾ ਹੈ। ਸਤਿਗੁਰੂ ਨੇ ਸਿਖਾਂ ਨੂੰ ਦੋ ਵਡੀਆਂ ਚੀਜ਼ਾਂ ਭੇਟ ਕੀਤੀਆਂ ਹਨ ਨਾਦ ਤੇ ਵੇਦ। ਨਾਦ ਸ਼ਬਦ ਹੈ, ਸ਼ਬਦ ਗੁਰੂ ਹੈ, ਸੁਰਤ ਧੁਨ ਚੇਲਾ ਹੈ। ਵੇਦ ਤੋਂ ਭਾਵ ਗਿਆਨ। (ਜਾਨਣਾ), ਸ਼ਬਦ ਤੇ ਗਿਆਨ ਦੋ ਵੱਡੇ ਤੱਤ ਸਿਖ ਧਰਮ ਦਾ ਧੁਰਾ ਹਨ। ਗਿਆਨ ਦੀ ਪ੍ਰਾਪਤੀ ਨਾਲ ਸਮਝ ਖੁਲ੍ਹਦੀ ਹੈ। ਹਿਰਦਾ ਵਿਸ਼ਾਲ ਹੁੰਦਾ ਹੈ। ਡਾਕਟਰ ਤਾਰਨ ਸਿੰਘ ਅਨੁਸਾਰ ਅੰਮ੍ਰਿਤ ਵਿਸ਼ਾਲ ਰੱਬੀ ਦਰਸ਼ਨ ਹੈ। ਜਦੋਂ ਗਿਆਨ ਦੁਆਰਾ ਹਿਰਦਾ ਵਿਸ਼ਾਲ ਹੋ ਗਿਆ ਉਦੋਂ ਸ਼ਬਦ ਸ਼ਕਤੀ ਇਸ ਨੂੰ ਪਾਰਬ੍ਰਹਮ ਨਾਲ ਜੋੜ ਦੇਵੇਗੀ। ਸ਼ਬਦ ਤੇ ਗਿਆਨ ਸਾਧਨ ਹੈ। ਦੋਵੇਂ ਆਪੋ ਆਪਣੇ ਪ੍ਰਤੀਕਰਮ ਹਨ। ਪੰਜਵੇਂ ਗੁਰੂ ਸ੍ਰੀ ਗੁਰੂ ਅਰਜਨ ਦੇਵ ਜੀ ਅਨੁਸਾਰ ਸਿਖ ਰੋਟੀ ਪਾਣੀ ਬਗੈਰ ਜੀ ਸਕਣਗੇ ਪ੍ਰੰਤੂ ਸ਼ਬਦ ਤੇ ਗਿਆਨ ਬਗੈਰ ਨਹੀਂ :—

"ਇਹ ਵਸਤੁ ਤਜੀ ਨਹਿ ਜਾਈ
ਨਿਤ ਨਿਤ ਰਖ ਉਰਧਾਰਹੁ॥"

ਸਾਡੇ ਸਿਖਾਂ ਵਿਚ ਗੁਰਬਾਣੀ ਦਾ ਸ਼ੌਕ ਨਹੀਂ, ਇਤਿਹਾਸ ਅਸੀਂ ਘਟ ਵਧ ਹੀ ਪੜ੍ਹਿਆ ਹੁੰਦਾ ਹੈ। ਸਾਨੂੰ ਹੋਰ ਹੀ ਹੋਰ ਗੱਲਾਂ ਨਾਲ ਵਾਸਤੇ ਹਨ। ਆਏ ਕਿਸ ਕੰਮ ਨੂੰ ਸਾਂ ਕਰ ਕੀ ਰਹੇ ਹਾਂ। 'ਲਗਾ ਕਿਤ ਕੁਫਕੜੇ'

ਕਿਧਰ ਦੀ ਕਿਧਰ ਚਲੇ ਗਏ ਹਾਂ। ਮੁਸਾਫ਼ਰ ਆਪਣੀ ਮੰਜ਼ਲ ਤੋਂ ਲੜਕ ਗਿਆ ਹੈ। ਸਿਖ ਘਰਾਂ ਵਿਚ ਫ਼ਿਲਮੀ ਟਿਊਨਾਂ ਵਜਦੀਆਂ ਹਨ, ਫਿਲਮੀ ਗਾਣੇ ਗਾਏ ਜਾਂਦੇ ਹਨ। ਸਿੱਖ ਗਭਰੂ, ਸਿਖਾਂ ਦੀਆਂ ਬੱਚੀਆਂ ਦਾ ਧਿਆਨ ਸਿਨੇਮੇ ਵਲ ਹੋ ਗਿਆ। ਸਿਖ ਨੌਜਵਾਨ ਕੇਸਾਂ ਨੂੰ ਤਿਲਾਂਜਲੀ ਦੇ ਰਹੇ ਹਨ। ਅਜ ਫ਼ਿਲਮੀ ਗਾਣੇ ਇਨਾਂ ਦੇ ਮੂੰਹ ਤੇ ਹਨ ਗੁਰਬਾਣੀ ਦੇ ਸ਼ਬਦ ਪੜ੍ਹਨੋ ਝਕਦੇ ਹਨ। ਤਸਵੀਰਾਂ ਦੇ ਮਗਰ ਲਗਕੇ ਭਾਈ ਗੁਰਦਾਸ ਜੀ ਦੇ ਇਹ ਵਾਕ 'ਗੁਰ ਮੂਰਤ ਗੁਰ ਸ਼ਬਦ ਸਾਧ ਸੰਗਤ ਵਿਚ ਪ੍ਰਗਟੀ ਆਇਆ' ਨੂੰ ਵਿਸਾਰ ਗਏ ਹਨ। ਪਿਛੇ ਜਿਹੇ ਕੁਝ ਵਰੇ ਹੋਏ ਪ੍ਰੋਫੈਸਰ ਸਾਹਿਬ ਸਿੰਘ ਜੀ ਨੇ ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਤਸਵੀਰ ਪੂਜਾ ਦੀ ਤਜਵੀਜ਼ ਦਾ ਵਿਰੋਧ ਕੀਤਾ ਸੀ। ਗੁਰਦੁਆਰਿਆਂ ਵਿਚ ਸਿਖ ਗੁਰੂ ਸਾਹਿਬਾਨ ਦੀਆਂ ਤਸਵੀਰਾਂ ਨੂੰ ਸ੍ਰੀ ਗੁਰੂ ਗਰੰਥ ਸਾਹਿਬ ਜੀ ਅਗੇ ਨਹੀਂ ਰਖਣਾ ਚਾਹੀਦਾ। ਇਸ ਤਰਾਂ ਕਰਨ ਨਾਲ ਤਸਵੀਰ ਪੂਜਾ ਸ਼ੁਰੂ ਹੋ ਜਾਂਦੀ ਹੈ।

ਅਜ ਕਲ ਚੌਧਰ ਦਾ ਰਾਜ ਹੈ, ਅਸੂਲਾਂ ਦਾ ਘਾਤ ਹੋ ਰਿਹਾ ਹੈ। ਕਈ ਲੋਕ ਆਖਦੇ ਹਨ ਕਿ ਸਿਖੀ ਦੇ ਅਸੂਲਾਂ ਵਿਚੋਂ ਬੰਦਸ਼ਾਂ ਨੂੰ ਹਟਾ ਦਿਉ ਇਸ ਤਰਾਂ ਸਿਖੀ ਬਹੁਤ ਫੈਲੇਗੀ। ਇਸ ਦਾ ਭਾਵ ਇਹ ਹੈ ਕਿ ਸਿਖੀ ਨੂੰ ਖਤਮ ਕਰਨ ਨਾਲ ਸਿਖੀ ਫੈਲੇਗੀ। ਸਿਖੀ ਨਿਰਾਲਾਪਨ ਹੈ। ਇਹ ਨਿਆਰਾ ਪੰਥ ਹੈ। ਇਹ ਕਿਸੇ ਨਾਲ ਮੇਲ ਨਹੀਂ ਖਾ ਸਕਦਾ। ਨਾ ਇਹ ਇਸਲਾਮ ਦਾ ਰੂਪ ਹੈ ਨਾ ਹਿੰਦੂ ਧਰਮ ਦਾ। ਇਸ



www.AKJ.Org

ਦੀ ਤਾਂ ਵਖਰੀ ਹੋਂਦ ਹੈ । ਇਸ ਦੀਆਂ ਵਿਸ਼ੇਸ਼ ਮੰਗਾਂ ਹਨ। ਇਹ ਮਰਨ ਜਿਵਾਲਣ ਦੀ ਜਾਚ ਸਿਖਾਲਣ ਵਾਲਾ ਧਰਮ ਹੈ । ਇਥੇ ਤਾਂ ਆਪਾ ਭੇਟ ਚੜ੍ਹਾਉਣਾ ਹੈ ਨਾ ਕਿ ਕਰਮਾਂ ਦੀ ਫਿਲਾਸਫੀ, ਕਰਮਕਾਂਡ ਦੇ ਚੱਕਰ ਵਿਚ ਪੈਣਾ ਹੈ । ਸਿੱਖ ਧਰਮ ਵਿਚ ਵਾਹਿਗੁਰੂ ਦੀ ਬਖਸ਼ਸ਼ ਤੇ ਜ਼ੋਰ ਹੈ । ਉਸਦੀ ਨਦਰ, ਉਸਦੀ ਮਿਹਰ ਦਾ ਸਰੂਪ ਸਭ ਤੋਂ ਵਡਾ ਹੈ, ਉਸ ਦੀ ਬਖਸ਼ਿਸ਼ ਨਾਲ ਹੀ ਸਭ ਕੰਮ ਸੌਰਦੇ ਹਨ, ਲੇਖੇ ਨਾਲ ਛੁਟਿਆ ਨਹੀਂ ਜਾ ਸਕਦਾ :—

ਲੇਖੈ ਕਤਹੂੰ ਨਾ ਛੂਟੀਐ ਖਿਨ ਖਿਨ ਭੂਲਨਹਾਰ ॥
ਬਖਸਨਿ ਹਾਰਾ ਬਖਸਿ ਲੈ ਨਾਨਕ ਪਾਰਿ ਉਤਾਰਿ ॥

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਵੀ ਪਹਿਲੋਂ ਬਖਸ਼ ਦਰ ਪਾਇਆ ਸੀ ਪਿਛੋਂ ਘਾਲ ਕਮਾਈ ਕੀਤੀ ਸੀ । ਭਾਈ ਗੁਰਦਾਸ ਜੀ ਇਸਦੀ ਪੁਸ਼ਟੀ ਕਰਦੇ ਹਨ :—

ਪਹਿਲਾ ਬਾਬੇ ਪਾਇਆ ਬਖਸੁ ਦਰਿ
ਪਿਛੋ ਦੇ ਫਿਰਿ ਘਾਲਿ ਕਮਾਈ ॥

ਮੁਸਲਮਾਨ ਕਹਿੰਦੇ ਹਨ 'ਪਛਮ ਅਲਹੁ ਮੁਕਾਮਾ' ਅਲਾ ਦਾ ਮੁਕਾਮ ਪਛਮ ਵਿਚ ਹੈ । ਹਿੰਦੂ ਆਖਦੇ ਹਨ 'ਦਖਣ ਦੇਸ਼ ਹਰੀ ਕਾ ਬਾਸਾ' ਭਾਵ ਪਰਮਾਤਮਾਂ ਦਾ ਵਾਸਾ (ਕਾਂਸ਼ੀ, ਬਨਾਰਸ, ਅਜੁਧਿਆ) ਦਖਣ ਵਿਚ ਹੈ ਪਰਮਾਤਮਾਂ ਦਾ ਟਿਕਾਣਾ ਮਨੁਖੀ ਹਿਰਦਾ ਹੈ :—

'ਘਟ ਘਟ ਮਹਿ ਹਰ ਜੁ ਬਸੈ'
'ਹਿਆਉ ਨਾ ਕਾਹੀ ਠਾਹਿ'
'ਮਨ ਮੰਦਰ ਤਨ ਵੇਸ ਕਲੰਦਰ'
'ਪੁਹਪ ਮਧ ਜੰਜੇ ਬਾਸ ਬਸਤ ਹੈ ਮੁਕਰ ਮਹਿ ਜੈਸੇ ਛਾਈ॥
ਤੈਸੇ ਹੀ ਹਰਿ ਬਸੈ ਨਿਰੰਤਰ ਘਟ ਹੀ ਖੋਜਹੁ ਭਾਈ ॥'

ਫਿਰ ਹਿੰਦੂ ਮਤ ਤੇ ਇਸਲਾਮ ਦਾ ਜੋੜ ਸਿਖ ਧਰਮ ਨਾਲ ਕਿਦਾਂ ਹੋਇਆ ? ਹਿੰਦੂ ਸਿਖ ਅਡੋ ਅਡਰੇ ਹਨ । ਸਿਖ ਹਿੰਦੂ ਨਹੀਂ ਹਨ । ਵੇਖੋ ਭਾਈ ਕਾਹਨ ਸਿੰਘ ਜੀ ਦੀ ਲਿਖਤ "ਹਮ ਹਿੰਦੂ ਨਹੀਂ" ਜਿਹੜੇ ਲੀਡਰ, ਪ੍ਰਚਾਰਕ ਤੇ ਆਗੂ ਇਹ ਆਖ ਰਹੇ ਹਨ ਕਿ ਸਿੱਖ ਹਿੰਦੂ ਹਨ, ਇਕ ਰੁਖ ਦੇ ਦੋ ਟਾਹਣ ਹਨ । ਇਨਾਂ ਦੇ ਸੰਸਕਾਰ ਸਾਂਝੇ ਹਨ । ਉਨ੍ਹਾਂ ਨੂੰ ਸਿਖੀ ਤੇ ਅਜੇ ਨਿਸਚਾ ਨਹੀਂ ਆਇਆ । ਇਹ ਉਨ੍ਹਾਂ ਦੇ ਆਪਣੇ ਵਿਚਾਰ ਹਨ । ਇਹ ਮਨਮਤ ਹੈ । ਗੁਰਮਤ ਨਹੀਂ । ਗੁਰਮਤ ਹੈ ਨਿਆਰਾ ਪਨ —

ਜਬ ਲਗ ਖਾਲਸਾ ਰਹੇ ਨਿਆਰਾ ॥
ਤਬ ਲਗ ਤੇਜ ਦੀਉ ਮੈ ਸਾਰਾ ॥

ਸੋ ਫੈਸਲਾ ਕਰੋ ਕਿ ਰਹਿਤਨਾਮੇ ਦੇ ਇਸ ਗੁਰਵਾਕ ਵਲ ਜਾਣਾ ਹੈ ਜਾਂ ਉਸ ਦਲਦਲ ਵਿਚ ਜਾਣਾ ਹੈ ਜਾਂ ਜਿਥੋਂ ਗੁਰੂ ਨਾਨਕ ਦਸਮੇਸ਼ ਪਿਤਾ ਨੇ ਸਾਨੂੰ ਕਢਿਆ ਹੈ। ਸਿਖ ਗੁਰੂਆਂ ਹਿੰਦੂ ਧਰਮ ਨੂੰ ਬਚਾਇਆ ਜਰੂਰ ਹੈ। ਪਰ ਇਸ ਦਾ ਭਾਵ ਇਹ ਨਹੀਂ ਕਿ ਉਹ ਹਿੰਦੂ ਧਰਮ ਦੇ ਸਰਪ੍ਰਸਤ ਸਨ । ਉਨਾਂ ਦਾ ਕੰਮ ਤਾਂ ਪਰਉਪਕਾਰ ਕਰਨਾ ਸੀ। ਮਜ਼ਲੂਮ ਦੀ ਰਖਿਆ ਦਾ ਸੁਆਲ ਸੀ। ਉਹ ਕੋਈ ਵੀ ਹੋ ਸਕਦਾ ਹੈ । ਉਸ ਸਮੇ ਸਬਬ ਨਾਲ ਹਿੰਦੂ ਮਜ਼ਲੂਮ ਸਨ। ਜੇ ਕਰ ਮਜ਼ਲੂਮ ਬੋਧੀ, ਪਾਰਸੀ ਜਾਂ ਈਸਾਈ ਹੁੰਦੇ ਤਾਂ ਗੁਰੂ ਸਾਹਿਬਾਂ ਨੇ ਉਨਾਂ ਦਾ ਪੱਖ ਲੈ ਲੈਣਾ ਸੀ । ਇਕ ਧਰਮ ਨੂੰ ਨਾ ਵੀ ਮੰਨਦਿਆਂ ਹੋਇਆਂ ਕਿਸੇ ਆਗੂ ਦਾ ਓਸ ਲਈ ਸੀਸ ਵਾਰ ਦੇਣਾ ਪਰਜਾਤੰਤਰ ਦੀ, ਵਿਸ਼ਾਲਤਾ, ਉਦਾਰਤਾ ਦੀ ਮੁਢਲੀ ਬੁਨਿਆਦ ਹੈ। ਇਹੋ ਜਿਹਾ ਕੰਮ ਗੁਰਦੇ ਵਾਲੀਆਂ ਵਿਅਕਤੀਆਂ ਹੀ ਕਰ ਸਕਦੀਆਂ ਹਨ। ਜਿਵੇਂ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਹਿੰਦੂ ਧਰਮ ਦੀ ਰਖਿਆ ਕਰ ਵਿਖਾਈ ।

ਦਸਮੇਸ਼ ਪਿਤਾ ਜੀ ਹਿੰਦੂ ਧਰਮ ਲਈ ਲੜ ਰਹੇ ਸਨ ਪ੍ਰੰਤੂ ਪਹਾੜੀਏ ਰਾਜੇ ਉਲਟੇ ਮੁਗਲਾਂ ਦਾ ਸਾਥ ਦਿੰਦੇ ਰਹੇ। ਭਾਰਤ ਵਿਚ ਦੇਸ਼ ਭਗਤੀ ਬਹੁਤ ਘਟ ਬੰਦਿਆਂ ਵਿਚ ਸੀ। ਹਿੰਦੂ ਚਾਹੁੰਦੇ ਹਨ ਕਿ ਸਿਖ ਆਪਣੀ ਉਚਾਈ ਛਡ ਕੇ ਸਾਡੀ ਪੱਧਰ ਤੇ ਆ ਜਾਣ । ਕੁਝ ਢਿਲੇ ਡਿਗ ਸਕਦੇ ਹਨ ਜਾਂ ਇਸ ਦੀ ਰੁਚੀ ਰਖ ਸਕਦੇ ਹਨ ਪ੍ਰੰਤੂ ਪੱਕੇ ਸਿਖ ਹਰਗਿਜ਼ ਨਹੀਂ ਡਿਗਣਗੇ । ਬਹੁਗਿਣਤੀ ਘਟ ਗਿਣਤੀ ਨੂੰ ਹਕ ਦੇ ਕੇ ਖੁਸ਼ ਨਹੀਂ । ਇਸ ਕਰਕੇ ਭਾਰਤ ਇਕ ਕੌਮ ਨਹੀਂ ਬਣ ਸਕਦਾ। ਹੁਣ ਧਰਮ ਇਕ ਨਿਜੀ ਮਾਮਲਾ ਨਹੀਂ ਰਿਹਾ । ਸਿਖ ਧਰਮ ਸਮਾਜੀ ਧਰਮ ਹੈ । ਇਹ ਜੰਗਲਾਂ ਵਿਚ ਜਾਣ ਦਾ ਉਪਦੇਸ਼ ਨਹੀਂ ਦਿੰਦਾ, ਘਰਾਂ ਵਿਚ ਰਹਿੰਦੇ ਹੋਏ ਹੀ ਸਾਧੂ ਬਣੋ। ਇਹ ਸਗਲ ਜਮਾਤੀ ਧਰਮ ਹੈ । ਹਰ ਸਿਖ ਬਚੇ ਦਾ ਫਰਜ਼ ਸਿਖ ਧਰਮ ਦੇ ਹਰ ਪਹਿਲੂ ਨੂੰ ਸਮਝਣਾ ਹੈ। ਸਾਡੇ ਲੋਕਾਂ ਵਿਚ ਭੇਖਾਚਾਰ ਤੇ ਭੇਡ ਚਾਲ ਹੈ । ਅਖੰਡਪਾਠ ਤੇ ਉਤਸ਼ਵ ਕੀਤੇ ਜਾਂਦੇ ਹਨ ਵਿਖਾਵੇ ਲਈ । ਲਾਊਡ ਸਪੀਕਰਾਂ ਨਾਲ ਵਿਖਾਵੇ ਸੋਭਾ ਨਹੀਂ ਦਿੰਦੇ । ਘਰਾਂ ਵਿਚ ਸਾਰੇ ਮਿਲਕੇ, ਬੈਠ ਕੇ ਪਾਠ ਨਹੀਂ ਕਰਦੇ। ਅਸੀਂ ਪੁਜਾਰੀਆਂ ਕੋਲ ਨੂੰ ਭਜਦੇ ਹਾਂ । ਕਿਨੇ ਹੀ ਜਥੇ ਗੁਰਬਾਣੀ ਨੂੰ ਵੇਚ ਵੇਚ ਖਾ ਰਹੇ ਹਨ।



www.AKJ.Org

ਨਿਸ਼ਕਾਮ ਸੇਵਾ ਘਟ ਹੈ। ਅਖੰਡ ਪਾਠ ਹੁੰਦਾ ਹੈ ਤਦ ਘਰ ਵਾਲੇ ਭਾਂਡੇ ਢਕਣ ਤੇ ਹੀ ਰਹਿੰਦੇ ਹਨ। ਘਰ ਵਾਲੇ ਪਾਠ ਘਟ ਹੀ ਸੁਣਦੇ ਹਨ। ਅਰਦਾਸੀਏ ਭੇਟਾ ਲੈ ਕੇ ਲੰਘਦੇ ਬਣਦੇ ਹਨ। ਚਾਹੀਦਾ ਹੈ ਕਿ ਘਰ ਵਾਲੇ ਸਾਰੇ ਮਿਲ ਕੇ ਅਖੰਡ-ਪਾਠ ਕਰਨ। ਪੁਜਾਰੀਆਂ ਦੀ ਲੋੜ ਹੀ ਕੀ ਹੈ? ਸਿੱਖ ਧਰਮ ਤਾਂ ਹਰ ਇਕ ਨੂੰ ਯੋਗਤਾ ਬਖਸ਼ਦਾ ਹੈ। ਭਾਈਆਂ ਜਾਂ ਗਰੰਥੀਆਂ ਤੋਂ ਕਈ ਸਾਹੇ ਕਢਾਉਂਦੇ ਹਨ। ਹੁਣ ਉਲਟਾ ਰਿਵਾਜ ਚਲਿਆ ਹੈ। ਕੀਰਤਨ ਮੂੰਹ ਜ਼ਬਾਨੀ ਨਹੀਂ ਕੀਤਾ ਜਾਂਦਾ। ਹਰਮੋਨੀਅਮ ਉਤੇ ਪੋਥੀਆਂ ਰਖ ਕੇ, ਵੇਖ ਵੇਖ ਕੇ ਸ਼ਬਦ ਪੜ੍ਹੇ ਜਾਂਦੇ ਹਨ। ਕਿਥੇ ਪੁਰਾਤਨ ਸਿੰਘਾਂ ਦੇ ਅਨੇਕਾਂ ਬਾਣੀਆਂ ਯਾਦ ਸਨ। ਸ਼੍ਰੋਮਣੀ ਕਮੇਟੀ ਨੇ ਰਹਿਤ ਮਰਿਯਾਦਾ ਨੂੰ ਘਟਾ ਦਿਤਾ ਹੈ। ਸਿੰਘਣੀਆਂ ਦਸਤਾਰ ਰਖਣ ਭਾਵੇਂ ਨਾ ਰਖਣ ਦੋਵੇਂ ਤਰਾਂ ਠੀਕ ਹੈ। (ਵੇਖੋ ਸਿਖ ਰਹਿਤ ਮਰਿਯਾਦਾ-ਪ੍ਰਕਾਸ਼ਿਕ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ) ਇਹ ਸਿਖੀ ਅਸੂਲਾਂ ਤੋਂ ਉਲਟ ਹੈ। ਡਾਕਟਰ ਕਨਿੰਘਮ ਵਰਗਿਆਂ ਨੇ ਸਿਖ ਬੀਬੀਆਂ ਦੀਆਂ ਦਸਤਾਰਾਂ ਦੀਆਂ ਸਿਫਤਾਂ ਕੀਤੀਆਂ ਹਨ। ਪੁਰਾਤਨ ਇਤਹਾਸ ਤੋਂ ਦਸਤਾਰ ਸਜਾਣ ਦਾ ਰਿਵਾਜ ਚਲਾ ਆ ਰਿਹਾ ਹੈ। ਅਜ ਅਸੀਂ ਸਿੱਖੀ ਰਵਾਇਤ ਨੂੰ ਉਲਟਾਣ ਲਗੇ ਜ਼ਰਾ ਵੀ ਗਰੇਜ਼ ਨਹੀਂ ਕਰਦੇ। ਸਿਖ ਧਰਮ ਸਿਰਾਂ ਦੀ ਗਿਣਤੀ ਨਹੀਂ। ਇਹ ਅਸੂਲਾਂ ਦਾ ਧਰਮ ਹੈ। ਇਥੇ ਤਾਂ ਰਹਿਤ ਪਿਆਰੀ ਮੋਹਿ ਕੋ ਹੈ ਸਿਖ ਕੋਈ ਪਿਆਰਾ ਨਹੀਂ। ਉਪਰ ਸੱਚ ਆਚਾਰ ਇਸ ਦੀ ਮੁਢਲੀ ਪਉੜੀ ਹੈ। ਜਾਗਤ ਜੋਤ ਉਥੇ ਹੈ ਜਿਥੇ ਅਸੂਲ ਹਨ। ਬੇ ਅਸੂਲਾਪਨ ਤੇ ਜਾਗਤ ਜੋਤ ਦਾ ਵਿਰੋਧ ਹੈ। ਦੋਵੇਂ ਇਕ ਥਾਂ ਟਿਕ ਨਹੀਂ ਸਕਦੇ। ਸਮਾਗਮਾਂ, ਇਕਠਾਂ, ਦੀਵਾਨਾਂ, ਗੁਰਪੁਰਬਾਂ, ਵਿਸਾਖੀ, ਹੋਲੇ ਮਹੱਲੇ ਆਦਿ ਉਤਸਵਾਂ ਉਤੇ ਦੀਵਾਨ ਸਜਾਏ ਜਾਂਦੇ ਹਨ ਓਥੇ ਕਿਸੇ ਵੀ ਪ੍ਰਸੰਗ ਜਾਂ ਕਥਾ ਕੀਰਤਨ ਨੂੰ ਸਿਰੇ ਨਹੀਂ ਚੜ੍ਹਨ ਦਿਤਾ ਜਾਂਦਾ। ਰੁਪਈਏ ਭੇਟ ਕਰਨ ਵਾਲੇ ਸਾਰੇ ਪ੍ਰੋਗਰਾਮ ਦਾ ਸੁਆਦ ਮਾਰ ਦੇਂਦੇ ਹਨ। ਮਾਇਆ ਭੇਟ ਕਰਨ ਵਾਲੇ ਜੰਮ ਜੰਮ ਕੇ ਕਰਨ ਪਰ ਸਭ ਦੀ ਇਕਠੀ ਅਰਦਾਸ ਪ੍ਰੋਗਰਾਮ ਦੀ ਸਮਾਪਤੀ ਮਗਰੋਂ ਹੋਣੀ ਚਾਹੀਦੀ ਹੈ। ਰੰਗ ਵਿਚ ਭੰਗ ਨਹੀਂ ਪੈਣ ਦੇਣਾ ਚਾਹੀਦਾ। ਈਸਾ ਜੀ ਕਹਿੰਦੇ ਹਨ ਕਿ ਤੂੰ ਦਾਨ ਇਸ ਤਰ੍ਹਾਂ ਕਰ ਕਿ ਤੇਰੇ ਦੂਜੇ ਹਥ ਨੂੰ ਦਾਨ ਕੀਤੇ ਦਾ ਪਤਾ ਨਾ ਲਗੇ। ਅਮਲੀ ਜੀਵਨ ਦਾਨ ਤੋਂ ਉਤਮ ਹੈ। ਪ੍ਰੰਤੂ ਘਾਲ ਖੱਟ ਕੇ ਹਥੋਂ ਦੇਣਾ ਵੀ ਗੁਰਮਤ ਹੈ ਇਸਦੀ ਹਦਾਇਤ ਹੈ।

ਘਾਲ ਖਾਇ ਕਿਛੁ ਹਥਹੁ ਦੇਇ॥
ਨਾਨਕ ਰਾਹਿ ਪਛਾਣਹਿ ਸੇਇ॥

ਲੰਗਰ ਤੇ ਪੱਖੇ ਦੀ ਸੇਵਾ ਦਾ ਵੀ ਜ਼ਿਕਰ ਆਇਆ ਹੈ। ਕਿਸੇ ਵੀ ਸਿਖ ਨੂੰ ਛੂਤ ਛਾਤ ਨਹੀਂ ਕਰਨੀ ਚਾਹੀਦੀ। ਸਿਖ ਭਾਵੇਂ ਜ਼ਾਤ ਪਾਤ, ਸੁਚ ਭਿਟ ਮੰਨਣ, ਊਚ ਨੀਚ ਮੰਨਣ ਪ੍ਰੰਤੂ ਸਿਖ ਧਰਮ ਜਾਤ ਪਾਤ, ਸੁਚ ਭਿਟ ਨੂੰ ਨਹੀਂ ਮੰਨਦਾ। ਪ੍ਰੋਗਰਾਮਾਂ ਤੇ ਜਲੂਸਾਂ ਵਿਚ ਸਾਨੂੰ ਠਰੰਮੇ ਤੋਂ ਕੰਮ ਲੈਣਾ ਚਾਹੀਦਾ ਹੈ। ਅੱਜ ਸਿੱਖਾਂ ਦੀ ਪਾਲੀਟਿਕਸ ਧਰਮ ਉਤੇ ਸੁਆਰ ਹੈ। ਸਿੱਖਾਂ ਲਈ ਪਹਿਲੀ ਚੀਜ਼ ਧਰਮ ਹੈ। ਸਿਖਾਂ ਦੀ ਰਾਜਨੀਤੀ ਧਰਮ ਦੇ ਥਲੇ ਹੋਣੀ ਅਵਸ਼ਕ ਹੈ। ਸਿਖੀ ਬਹੁਗਿਣਤੀ ਦਾ ਵੀ ਮਾਮਲਾ ਨਹੀਂ, ਪੰਜ ਪਿਆਰੇ ਨਿਰੀ ਪੁਰੀ ਡੈਮੋਕਰੇਸੀ ਨਾ ਸਮਝੋ, ਇਹ ਬਹੁ ਸੰਮਤੀ ਨਹੀਂ ਸਰਬ ਸੰਮਤੀ ਹੈ। ਜੇ ਕਰ ਬਹੁ ਸੰਮਤੀ ਦੇ ਅਧਿਕਾਰ ਨੂੰ ਪ੍ਰਮੁਖ ਥਾਂ ਦੇ ਦੇਈਏ ਤਾਂ ਪੰਥ ਦੇ ਉਘੇ ਲੇਖਕ ਪ੍ਰਿੰਸੀਪਲ ਤੇਜਾ ਸਿੰਘ ਅਨੁਸਾਰ ਸਿਖੀ ਢਾਈ ਵੋਟਾਂ ਦੀ ਮਾਰ ਹੈ। ਇਹ ਸ਼ੇਰਾਂ ਦੀ ਸੰਖਿਆ ਹੈ ਭੇਡਾਂ ਦਾ ਇਜੜ ਨਹੀਂ। ਇਹ ਬਾਜ ਹਨ ਚਿੜੀਆਂ ਨਹੀਂ। ਪਰ ਇਨ੍ਹਾਂ ਬਾਜ਼ਾਂ ਨੇ ਚਿੜੀਆਂ ਨੂੰ ਦਬੋਚਣਾ ਨਹੀਂ, ਖਾਣਾ ਨਹੀਂ ਸਗੋਂ ਉਨ੍ਹਾਂ ਦੀ ਰਾਖੀ ਕਰਨੀ ਹੈ। ਨਿਰਾ ਹਥਿਆਰ ਨੂੰ ਹਥਿਆਰ ਆਖਕੇ ਭੰਡਣਾ ਗਲਤੀ ਹੈ। ਸਿਖਾਂ ਦੀ ਤਲਵਾਰ ਢਾਲ ਵਧੇਰੇ ਹੈ। ਗੁਰੂ ਗੋਬਿੰਦ ਸਿੰਘ ਜੀ ਦੇ ਦਿਲ ਵਿਚ ਕਿਸੇ ਲਈ ਸਥਾਈ ਵੈਰ ਨਹੀਂ ਸੀ। ਵੈਰ ਜ਼ੁਲਮ ਨਾਲ ਸੀ।

ਸਿੱਖ ਪੰਥ ਨੂੰ ਚਾਹੀਦਾ ਹੈ ਕਿ ਅਸੰਬਲੀ ਦੀਆਂ ਟਿਕਟਾਂ ਦਾਹੜੀ ਕਟ, ਸ਼ਰਾਬੀਆਂ, ਕਬਾਬੀਆਂ ਨੂੰ ਨਾ ਦਿਤੀਆਂ ਜਾਣ। ਪੰਜਾਬ ਅਸੈਂਬਲੀ ਵਿਚ ਕਈ ਦਾਹੜੀ ਕੱਟਾਂ ਨੂੰ ਸਾਡੇ ਸਿੱਖ ਲੀਡਰ ਟਿਕਟਾਂ ਦੇਣ ਲਗੇ ਸੰਕੋਚ ਨਹੀਂ ਕਰਦੇ। ਅਸੀਂ ਕੇਵਲ ਗਿਣਤੀ ਹੀ ਨਹੀਂ ਵਧਾਉਣੀ ਗੁਣ ਵੀ ਵਧਾਉਣੇ ਹਨ। ਕੋਈ ਮਿਆਰ ਕਾਇਮ ਕਰਨਾ ਹੈ। ਲੰਡੀ ਬੁਚੀ ਸਿੱਖਾਂ ਦਾ ਮੋਢੀ ਨਹੀਂ ਅਖਵਾ ਸਕਦਾ। ਹੋਰ ਵੇਖਿਆ ਗਿਆ ਹੈ ਸਿੱਖ ਨੌਜੁਆਨ ਕੇਸ ਕਤਲ ਕਰ ਰਹੇ ਹਨ ਉਨਾਂ ਦੇ ਮਾਂ ਬਾਪ ਇਹ ਸਾਰਾ ਕੁਝ ਅਖੀਂ ਵੇਖਦੇ ਹਨ, ਵੇਖਕੇ ਹੱਸ ਛਡਦੇ ਹਨ। ਕਈ ਮਾਪੇ ਅਸੀਂ ਆਖਦੇ ਸੁਣੇ ਹਨ ਕਿ ਮੁੰਡੇ ਦੇ ਖਾਣ ਪੀਣ ਦਾ ਮੌਕਾ ਹੈ। ਮਾਂ ਬਾਪ ਦਾ ਪੂਰਾ ਕੰਟਰੋਲ ਹੋਣਾ ਚਾਹੀਦਾ ਹੈ। ਬੱਚਿਆਂ ਨੂੰ ਆਪ ਵੀ ਸ਼ੌਕ ਹੋਣਾ ਚਾਹੀਦਾ ਹੈ। ਦਾਹੜੀ ਬੰਨਣਾ ਕੋਈ ਚੰਗੀ ਰਵਾਇਤ ਨਹੀਂ ਇਸ ਦੀ ਪਿਰਤ*



www.AKJ.Org

# ਤੀਨ ਰੂਪ ਹੈਂ ਮੋਹਿਨੇ ਸੁਣੋ ਨੰਦ ਚਿਤ ਲਾਏ

(ਵਲੋਂ :— ਭਾਈ ਮਨਜੀਤ ਸਿੰਘ, ਰਾਵਤ ਭਾਟਾ, ਕੋਟਾ)

## ਏਕ ਰੂਪ ਤ੍ਰੈ ਗੁਣ ਤੇ ਪਰੇ

ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸੁਖਮਨੀ ਸਾਹਿਬ ਵਿਚ ਵਰਨਣ ਕੀਤਾ ਹੈ —

ਰੂਪ ਨ ਰੇਖ ਨ ਰੰਗੁ ਕਿਛੁ ਤ੍ਰਿਹੁ ਗੁਣ ਤੇ ਪ੍ਰਭ ਭਿੰਨ ॥

ਅਤੇ ਅਕਾਲ ਪੁਰਖ, ਵਾਹਿਗੁਰੂ, ਸਰਿਸ਼ਟੀ ਦੇ ਸਾਜਨਹਾਰੇ ਅਗੰਮ ਰੂਪ ਦੀ ਹੀ ਉਸਤਤ ਵਿਚ ਰਚੇ ਗਏ ਜਾਪੁ ਸਾਹਿਬ ਵਿਚ ਵੀ ਗੁਰੂ ਗੋਬਿੰਦ ਸਿਘ ਜੀ 'ਚਕ੍ਰ ਚਿਹਨ ਅਰੁ ਬਰਨ ਜਾਤਿ ਅਰੁ ਪਾਤਿ ਨਹਿਨ ਜਿਹ' ਅਤੇ 'ਅਨੇਕ ਹੈਂ ਫਿਰ ਏਕ ਹੈਂ' ਦਰਜਾ ਕੇ ਗੁਰੂ ਰਾਮਦਾਸ ਜੀ ਦੇ ਮੁਖਾਰਬਿੰਦ ਤੋਂ ਉਚਰਤ—

ਤੇਰੇ ਕਵਨੁ ਕਵਨੁ ਗੁਣ ਕਹਿ ਕਹਿ ਗਾਵਾ
ਤੂ ਸਾਹਿਬ ਗੁਣੀ ਨਿਧਾਨਾ ॥
ਤੁਮਰੀ ਮਹਿਮਾ ਬਰਨਿ ਨ ਸਾਕਉ
ਤੂ ਠਾਕੁਰ ਊਚ ਭਗਵਾਨਾ ॥

ਦੀ ਪ੍ਰੋੜਤਾ ਕਰਦੇ ਹਨ।

ਤੁਮ ਹਰਿ ਸਰਵਰ ਅਤਿ ਅਗਾਹ
ਹਮ ਲਹਿ ਨ ਸਕਹਿ ਅੰਤੁ ਮਾਤੀ ॥

---

*ਮਹਾਰਾਜਾ ਸ਼ੇਰ ਸਿੰਘ ਨੇ ਪਾਈ। ਮਹਾਰਾਜਾ ਸ਼ੇਰ ਸਿੰਘ ਨੇ ਸਭ ਤੋਂ ਪਹਿਲੇ ਦਾਹੜਾ ਚਾੜਿਆ ਤੇ ਉਸ ਸਮੇਂ ਬਾਬਾ ਬੀਰ ਸਿੰਘ ਜੀ ਔਰੰਗਾਬਾਦ ਵਾਲੇ ਤੇ ਹੋਰ ਪੰਥ ਹਿਤੈਸ਼ੀ ਮਹਾਂ ਪੁਰਸ਼ਾਂ ਨੇ ਉਸ ਦਾ ਵਿਰੋਧ ਕੀਤਾ। ਇਹ ਪਰਪਾਟੀ ਗ਼ਲਤ ਪਈ ਮਹਾਰਾਜਾ ਸ਼ੇਰ ਸਿੰਘ ਸਿਖ ਰਾਜ ਦੀ ਕੋਈ ਮਹਾਨ ਵਿਅਕਤੀ ਨਹੀਂ ਸੀ ਨਾ ਹੀ ਉਹ ਧਾਰਮਕ ਆਗੂ ਸਨ। ਇਸ ਤੋਂ ਪਹਿਲੇ ਬਾਬਾ ਫੂਲਾ ਸਿੰਘ ਜੀ ਅਕਾਲੀ, ਸਰਦਾਰ ਹਰੀ ਸਿੰਘ ਜੀ ਨਲੂਆ, ਮਹਾਰਾਜਾ ਰਣਜੀਤ ਸਿੰਘ ਤੇ ਹੋਰ ਸਿੱਖ ਸਰਦਾਰ ਖੁਲ੍ਹਾ ਦਾਹੜਾ ਰਖਦੇ ਸਨ। ਖੁਲਾ ਦਾਹੜਾ ਸਿੱਖੀ ਰਵਾਇਤ ਹੈ। ਜੋ ਸਿੱਖਾਂ ਵਿਚ ਗਲਤ ਰਵਾਇਤਾਂ ਤੋਰਦਾ ਹੈ ਉਸ ਦਾ ਬਾਈਕਾਟ ਕੀਤਾ ਜਾਵੇ। ਪ੍ਰੰਤੂ ਅਜੇਹਾ ਹੋ ਨਹੀਂ ਰਿਹਾ। ਮਨ ਹੋਰ ਮੁਖ ਹੋਰ ਹੈ। ਕੌਮਾਂ ਰਵਾਇਤਾਂ ਦੇ ਸਿਰ ਤੇ ਜਿਊਂਦੀਆਂ ਹਨ। ਸਾਡੇ ਸਕੂਲਾਂ ਵਿਚੋਂ ਧਾਰਮਕ ਵਿਦਿਆ ਉਠ ਗਈ ਹੈ। ਧਾਰਮਕ ਦੀ ਘੰਟੀ ਮੁੰਡੇ ਅਟੈਂਡ ਕਰਨੋ ਝਿਜਕਦੇ ਹਨ। ਕੇਸ ਕਤਲ ਕਰਨ ਵਾਲੇ ਵਿਦਿਆਰਥੀਆਂ ਲਈ ਸਕੂਲਾਂ ਕਾਲਜਾਂ ਵਿਚ ਦਾਖਲੇ ਬੰਦ ਕਰ ਦੇਣੇ ਚਾਹੀਦੇ ਹਨ। ਧਾਰਮਕ ਸਿਖਿਆ ਨੂੰ ਜ਼ਰੂਰੀ ਕਰਾਰ ਦਿਤਾ ਜਾਣਾ ਚਾਹੀਦਾ ਹੈ। ਖਾਣ ਪੀਣ ਦੇ ਬੰਧੇਜ ਹੋਣੇ ਚਾਹੀਦੇ ਹਨ। ਸੰਜਮ ਦੀ ਅਤੀ ਲੋੜ ਹੈ। 'ਜਹਾਂ ਕਹਾਂ ਕਾ ਪ੍ਰਸ਼ਾਦ ਨਹੀਂ ਛਕਣਾ ਚਾਹੀਦਾ। ਮਿਸ ਹਰਜੀਤ ਕੌਰ ਨਿਹੰਗ ਇਹ ਪਛਮ ਦੀ ਲੇਡੀ ਭਾਰਤ ਆ ਕੇ ਸਿੰਘ ਸਜੀ। ਉਸ ਨੇ ਜਲੰਧਰ ਗੁਰਦੁਆਰੇ ਵਿਚ ਲੈਕਚਰ ਦਿੰਦਿਆਂ ਆਖਿਆ ਸੀ ਕਿ ਮੈਨੂੰ ਬਹੁਤ ਸਾਰੇ ਅਧੂਰੇ ਸਿੱਖ ਮਿਲੇ ਹਨ। ( I found too many half Khalsas) ਸੋ ਸਰਬਤ ਸਜਣਾਂ ਨੂੰ ਅੰਮ੍ਰਿਤ ਦੀ ਖੰਡੇਧਾਰ ਪਾਹੁਲ ਲੈ ਕੇ ਲੋਕ ਸੁਖੀਏ ਪਰਲੋਕ ਸੁਹੇਲੇ ਕਰ ਲੈਣੇ ਚਾਹੀਦੇ ਹਨ। ਅਧ ਪੱਚਧਾ ਜੀਵਨ, ਅਧੂਰਾ ਜੀਵਨ, ਬਿਨਾਂ ਸੇਧ ਤੋਂ ਜੀਵਨ ਉਸ ਕਿਸ਼ਤੀ ਜਾਂ ਜਹਾਜ਼ ਵਾਂਗ ਹੈ ਜੋ ਧਰੂਅ ਤਾਰੇ ਦੀ ਸੇਧ ਤੋਂ ਬਗੈਰ ਜਾਂ ਚੁੰਬਕੀ ਸੂਈ ਤੋਂ ਬਗੈਰ ਵਿਸ਼ਾਲ ਸਮੁੰਦਰ ਵਿਚ ਸਫ਼ਰ ਕਰ ਰਿਹਾ ਹੈ ਜੋ ਅਪਣੀ ਮੰਜ਼ਲ ਤੇ ਨਹੀਂ ਪੁਜ ਸਕਦਾ। ਸੋ ਖਾਲਸਾ ਜੀ ਜਾਗੋ ਮੰਜ਼ਲ ਭਾਲੋ।



www.AKJ.Org

ਤੂੰ ਪਰੈ ਪਰੈ ਅਪਰੰਪਰ ਸੁਆਮੀ
ਮਿਤਿ ਜਾਨਹੁ ਆਪਨ ਗਾਤੀ ॥

ਦੇ ਉਚਾਰਨ ਤੋਂ ਅਕਾਲ ਪੁਰਖ ਦੀ ਅਗੰਮਤਾ ਬਾਰੇ ਸਪਸ਼ਟ ਪ੍ਰਗਟ ਹੁੰਦਾ ਹੈ —

ਭੀ ਤੇਰੀ ਕੀਮਤਿ ਨਾ ਪਵੈ ਹਉ ਕੇਵਡੁ ਆਖਾ ਨਾਉ ॥ ਸੋ ਨਿਰਜੁਰ ਨਿਰੂਪ, ਸੁੰਦਰ ਸਰੂਪ, ਭੂਪਨ ਕੇ ਭੂਪ ਅਕਾਲ ਪੁਰਖ ਬਾਰੇ ਇਕ ਲਫਜ਼ ਭੀ ਲਿਖ ਸਕਣਾ ਸਾਡੇ ਜਗਿਆਸੂਆਂ ਦੇ ਵਸ ਦੀ ਗਲ ਨਹੀਂ, ਸਿਵਾਏ ਇਸਦੇ ਕਿ ਗੁਰੂ ਸਾਹਿਬ ਦੇ ਫੁਰਮਾਨ ਨੂੰ ਸ਼ਰਧਾ ਪੂਰਬਕ ਮਨ 'ਚ ਵਸਾਣ ਦੀ ਕੋਸ਼ਿਸ਼ ਕਰਦੇ ਹੋਏ ਅਕਾਲ ਪੁਰਖ ਨੂੰ "ਦੁਕਾਲੰ ਪ੍ਰਣਾਸੀ ਦਿਆਲੰ ਸਰੂਪੇ॥ ਸਦਾ ਅੰਗ ਸੰਗੇ ਅਭੰਗੰ ਬਿਭੂਤੇ ॥" ਜਾਣੀਏ ।

## ਦੂਸਰ ਰੂਪ ਗ੍ਰੰਥ ਜੀ ਜਾਣ —

ਗੁਰੂ ਗੋਬਿੰਦ ਸਿੰਘ ਜੀ ਇਸ ਪਦ ਵਿਚ ਦੂਸਰਾ ਮੋਹਿਨਾ ਰੂਪ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਦਰਸਾਉਂਦੇ ਹਨ, ਆਪਣੀ ਮਨ ਮਰਜ਼ੀ ਨਾਲ ਨਹੀਂ, ਸਗੋਂ 'ਜੋ ਨਿਜ ਪ੍ਰਭ ਮੋ ਸੋ ਕਹਾ ਸੋ ਕਹਿਹੋ ਜਗ ਮਾਹਿ ॥' ਅਨੁਸਾਰ ! ਅਸਲੀ ਗਲ ਤਾਂ ਇਹ ਹੈ ਕਿ ਸਿੱਖ ਧਰਮ ੨੦੦ ਸਾਲ ਦੇ ਲੰਮੇ ਸਮੇਂ ਵਿਚੋਂ ਗੁਜ਼ਰ ਕੇ ਹੋਂਦ 'ਚ ਆਇਆ ਹੈ ਅਤੇ ਇਹ ੨੦੦ ਸਾਲਾ ਵਿਉਂਤ (Plan) ਅਕਾਲ ਪੁਰਖ ਦੀ ਆਪ ਤਿਆਰ (Chalk out) ਕੀਤੀ ਹੋਈ ਸੀ। ਜਿਵੇਂ ਕਿਸੇ ਬੰਜਰ ਜ਼ਮੀਨ ਨੂੰ ਆਬਾਦ ਕਰਨ ਲਈ ਪਹਿਲਾਂ ਸਰਵੇ (Survey) ਜ਼ਰੂਰੀ ਹੈ, ਫਿਰ ਉਸਨੂੰ ਝੀਂਗਾਂ ਝਾੜੀਆਂ ਤੋਂ ਰਹਿਤ ਕਰਕੇ ਪੱਧਰ ਕਰਨਾ ਉਸ 'ਚ ਖਾਲ ਕਿਆਰੀਆਂ ਬਨਾਉਣਾਂ, ਉਪਰੰਤ ਹਲ ਫੇਰ ਕੇ ਖਾਦ ਪਾਣੀ ਪਾਣੀ ਨਾਲ ਸਿੰਜ ਕੇ ਬੀਜ ਬੀਜਿਆ ਜਾਂਦਾ ਹੈ, ਠੀਕ ਇਸੇ ਤਰਾਂ ਜਦ ਮਨੁਖ ਸਤਿਜੁਗ, ਤ੍ਰੇਤੇ, ਦ੍ਵਾਪਰਿ ਵਿਚੋਂ ਲੰਘਕੇ ਕਲਜੁਗ ਵਿਚ ਪੁਜਦਾ ਪੁਜਦਾ ਫਿਰ ਬੰਜਰ ਜ਼ਮੀਨ ਵਾਂਗ ਉਬੜ ਖਾਬੜ ਵਹਿਣਾਂ 'ਚ ਵਹਿ ਗਿਆ ਅਤੇ ਆਪਣੇ ਆਲੇ ਦੁਆਲੇ ਜ਼ਾਤ ਪਾਤ, ਛੂਤ ਛਾਤ ਅਤੇ ਸੱਚੇ ਧਰਮ ਨੂੰ ਭੁਲ ਕੇ ਮਾਇਆ ਬਟੋਰਨ ਦੀਆਂ ਉਚੀਆਂ ਉਚੀਆਂ ਕੰਧਾਂ ਟਿਬੇ ਬਨਾ ਬੈਠਾ ਤਾਂ ਅਕਾਲ ਪੁਰਖ ਨੇ ਕਲਜੁਗੀ ਲੋਕਾਂ ਨੂੰ ਇਕ ਵਾਰੀ ਸਿਧੇ ਪੱਧਰੇ ਰਸਤੇ ਤੇ ਲਿਆਉਣ ਲਈ ਇਸ ਲੰਮੀ ਸਕੀਮ ਦੇ ਅਧੀਨ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਭੇਜਿਆ ਆਪ ਜੀ ਦੇ ਜ਼ੁਮੇ ਸਭ ਤੋਂ ਪਹਿਲਾ ਕੰਮ ਸਰਵੇਖਣ (Survey) ਦਾ ਲਗਾ, ਅਤੇ ਆਪਣੇ ਉਪਦੇਸ਼ਾਂ ਤੇ ਦ੍ਰਿਸ਼ਟਾਂਤਾਂ ਦੁਆਰਾ ਦੇਸ ਪ੍ਰਦੇਸ ਦਾ ਭ੍ਰਮਣ ਕਰਕੇ ਜ਼ਾਤ ਪਾਤ ਛੂਤ ਛਾਤ ਅਤੇ ਹਰ ਤਰਾਂ ਦੇ ਭਰਮ ਪਾਖੰਡ ਦੇ ਟਿੱਬੇ ਪੱਧਰੇ ਕੀਤੇ ਅਤੇ ਇਕ ਵਾਰੀ ਫਿਰ ਅਕਾਲ ਪੁਰਖ ਦਾ ਸੁਨੇਹਾ 'ਬਾਬਾ ਆਖੇ ਹਾਜੀਆ ਸੁਭਿ ਅਮਲਾ ਬਾਝਹੁ ਦੋਨੋ ਰੋਈ ॥' ਸੁਣਾ ਕੇ ਮਾਰਗ ਪ੍ਰਗਟ ਕੀਤਾ ਕਿ ਧਰਮ ਨੂੰ ਆਪਣੀ ਮਨ ਮਰਜ਼ੀ ਅਨੁਸਾਰ ਤੋੜ ਮਰੋੜ ਕੇ ਪਾਖੰਡ ਨਾ ਬਨਾਉ । ਸਭ ਧਰਮ, ਸਭ ਲੋਕ ਇਕ ਅਕਾਲ ਪੁਰਖ ਦੀ ਰਚਨਾ ਹਨ, ਕੋਈ ਇਕ ਦੂਜੇ ਤੋਂ ਚੰਗਾ ਜਾਂ ਬੁਰਾ ਨਹੀਂ ਅਤੇ ਇਸ ਰਾਹ ਤੇ ਚਲਣ ਤੇ ਮਾਰਗ ਦਰਸ਼ਨ ਲਈ ਵਾਹਿਗੁਰੂ ਅਕਾਲ ਪੁਰਖ ਦੀ ਬਾਣੀ, 'ਧੁਰ ਕੀ ਬਾਣੀ' ਜਗ ਸਾਹਵੇਂ ਪੇਸ਼ ਕੀਤੀ । ਇਸਤੋਂ ਉਪ੍ਰੰਤ ਗੁਰੂ ਨਾਨਕ ਜੋਤ ਗੁਰੂ ਅੰਗਦ ਦੇਵ ਜੀ, ਗੁਰੂ ਅਮਰ ਦਾਸ ਜੀ ਤੇ ਗੁਰੂ ਰਾਮ ਦਾਸ ਜੀ ਦੇ ਰੂਪ 'ਚ ਹੱਦ ਦਰਜੇ ਦੀ ਸੇਵਾ ਭਾਵਨਾ ਦਰਸਾ ਕੇ ਜਨ ਜੀਵਨ ਦੀਆਂ ਊਣਤਾਈਆਂ ਕਢਦੇ ਹੋਏ 'ਧੁਰ ਕੀ ਬਾਣੀ' ਦੀ ਅੰਮ੍ਰਿਤ ਵਰਖਾ ਕਰਦੇ ਰਹੇ ਅਤੇ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਹਿਸੇ ਪਹਿਲੇ ਵੱਤਰ ਦੀ ਜ਼ੁਮੇਵਾਰੀ ਆਈ, ਜਿਹੜੀ ਉਨ੍ਹਾਂ ਨੇ ਸਾਧ ਸੰਗਤ ਦਾ ਹੁਕਮ ਮੰਨਣ, ਝੂਠ ਅਤੇ ਅਨਿਆਉਂ ਅਗੇ ਨਾ ਝੁਕਣ ਦੀ ਬੇਮਿਸਾਲ ਮਿਸਾਲ ਕਾਇਮ ਕਰਦੇ ਹੋਏ, ਤੱਤੀ ਤਵੀ ਤੇ ਬੈਠ, ਤੱਤੀ ਰੇਤ ਸੀਸ 'ਚ ਪੁਆ ਕੇ, 'ਤੇਰਾ ਭਾਣਾ ਮੀਠਾ ਲਾਗੇ' ਉਚਾਰ ਕੇ ਅੰਤ ਰਾਵੀ ਦੇ ਜਲ ਵਿਚ ਅਲੋਪ ਹੋ ਕੇ ਪੂਰੀ ਨਿਭਾਈ, ਯਥਾ ਗੁਰਵਾਕ 'ਸੇਵਕ ਕੀ ਓੜਕਿ ਨਿਬਹੀ ਪ੍ਰੀਤਿ ॥' ਇਸੇ ਪਲਾਨ ਦੇ ਅਧੀਨ ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਜੀ, ਸ੍ਰੀ ਹਰਿ ਰਾਇ ਜੀ, ਅਤੇ ਸ੍ਰੀ ਗੁਰੂ ਹਰਿ ਕ੍ਰਿਸ਼ਨ ਸਾਹਿਬ ਜੀ ਜਨਤਾ ਨੂੰ ਪਹਿਲੀਆਂ ਪੰਜਾਂ ਪਾਤਸ਼ਾਹੀਆਂ ਦੁਆਰਾ ਉਚਰਤ 'ਧੁਰ ਕੀ ਬਾਣੀ' (ਜਿਸਦਾ ਕਿ ਪੰਜਵੇਂ ਪਾਤਸ਼ਾਹ ਜੀ ਨੇ ਗ੍ਰੰਥ ਦੇ ਰੂਪ ਵਿਚ ਸ੍ਰੀ ਹਰਿਮੰਦਰ ਸਾਹਿਬ ਵਿਖੇ ਪ੍ਰਕਾਸ਼ ਕੀਤਾ ਸੀ) ਦਾ ਉਪਦੇਸ਼ ਦੇ ਕੇ ਪਰਪੱਕ ਕਰਦੇ ਰਹੇ । ਜ਼ਮੀਨ ਠੀਕ ਤਿਆਰ ਹੋਈ ਵੇਖ, ਭਾਵ ਜਨਤਾ ਦੀਆਂ ਅੱਖਾਂ ਤੋਂ ਧੁੰਦ ਦੇ ਪੜਦੇ ਹਟੇ ਵੇਖ ਕੇ ਅਖੀਰੀ ਹਲ ਫੇਰਿਆ । ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਧਰਮ ਹਿਤ ਕੁਰਬਾਨੀ ਨੇ ਅਤੇ ਬੀਜ ਬੀਜ ਕੇ ਸੁਹਾਗਾ ਫੇਰਿਆ । ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ, ਅਰਥਾਤ ਖੰਡੇ ਧਾਰ ਅੰਮ੍ਰਿਤ ਛਕਾਇਆ ਤੇ ਸਿੰਘ ਸਜਾ ਕੇ ਅਕਾਲ ਪੁਰਖ ਦੀ ਓਟ ਆਸਰਾ ਲੈ ਕੇ ਖਾਲਸਾ ਪੰਥ ਸਾਜਨ ਦੇ ਕਾਰਜ ਨੂੰ ਪੂਰਾ ਕੀਤਾ ।

ਇਥੇ ਇਹ ਗੱਲ ਵਰਨਣ ਯੋਗ ਹੈ ਕਿ ਸ੍ਰੀ ਗੁਰੂ ਨਾਨਕ



www.AKJ.Org

ਦੇਵ ਜੀ ਤੋਂ ਲੈ ਕੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਤਕ ਚਰਨਾਮ੍ਰਿਤ ਯਥਾ ਗੁਰਵਾਕ (ਚਰਨ ਧੋਇ ਰਹਿਰਾਸ ਕਰ ਚਰਨਾਮ੍ਰਿਤ ਸਿਖਾਂ ਪੀਲਾਇਆ) ਦੀ ਪ੍ਰਥਾ ਸੀ ਪਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਅਕਾਲ ਪੁਰਖ ਦੇ ਹੁਕਮ ਅਨੁਸਾਰ ਇਸ ਸਕੀਮ (Plan) ਨੂੰ ਪੂਰਾ ਕਰਕੇ ਅਗੇ ਵਾਸਤੇ ਕਿਸੇ ਇਕੱਲੇ ਦੁਕੱਲੇ ਨੂੰ (ਭਾਵੇ ਸੰਤ, ਮਹਾਤਮਾਂ, ਜੋਗੀ, ਜਪੀ, ਤਪੀ ਕੋਈ ਭੀ ਹੋਵੇ) ਸ਼ਖਸੀ ਰੂਪ 'ਚ ਗੁਰੂ ਮੰਨਣ ਦੀ ਮਨਾਹੀ ਕੀਤੀ,ਗੁਰਗਦੀ 'ਗ੍ਰੰਥ ਰੂਪ' ਧੁਰ ਕੀ ਬਾਣੀ ਨੂੰ ਹਾਜ਼ਰਾ ਹਜ਼ੂਰ ਜ਼ਾਹਿਰਾ ਜ਼ਹੂਰ, ਦਸਾਂ ਸਤਿਗੁਰਾਂ ਦੀ ਜੋਤ ਸਰੂਪ ਥਾਪ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਜੁਗੋ ਜੁਗ ਅਟੱਲ ਸੌਂਪੀ ਤੇ ਚਰਣਾਮ੍ਰਿਤ ਲਈ ਖੰਡੇ ਦੀ ਪਾਹੁਲ (ਅੰਮ੍ਰਿਤ) ਛਕਾਉਣ ਦਾ ਹੱਕ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਪੰਜਾਂ ਪਿਆਰਿਆਂ ਨੂੰ ਸੋਂਪਿਆ।

ਇਸ ਸਾਰੇ ਵਿਸਥਾਰ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਬਖਸ਼ੀ ਗਈ ਮਹਾਨਤਾ ਦਾ ਪਤਾ ਲਗਦਾ ਹੈ, ਕਿ ੨੦੦ ਸਾਲ ਵਿਚ ਵਾਹਿਗੁਰੂ ਦੀ ਕਿਰਪਾ ਨਾਲ ਉਚਾਰੀ ਤੇ ਪ੍ਰਚਾਰੀ ਗਈ। ਅਤੇ ਅਨੇਕ ਸਚੇ ਭਗਤਾਂ ਦੀ ਬਾਣੀ ਜੋ ਇਸ ਗਰੰਥ ਵਿਚ ਦਰਜ ਹੈ, ਵਿਚ ਹਰ ਤਰਾਂ ਦੀ ਪੂਰਨਤਾ ਹੈ ਤੇ ਗੁਰਵਾਕ (ਭੁਲਣ ਅੰਦਰ ਸਭੁ ਕੋ ਅਭੁਲ ਗੁਰੂ ਕਰਤਾਰ) ਅਨੁਸਾਰ ਜਦ ਗੁਰੂ ਗੋਬਿੰਦ ਸਿੰਘ ਜੀ ਨੇ ਅਕਾਲ ਪੁਰਖ ਦੇ ਹੁਕਮ ਮੁਤਾਬਕ (ਨ ਕਾਨ ਕਾਹੂ ਕੀ ਧਰੋਂ ਕਹਿਓ ਪ੍ਰਭੂ ਸੁ ਮੈਂ ਕਰੌਂ) ਹੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਜੁਗੋ ਜੁਗ ਅਟੱਲ ਗੁਰੂ ਥਾਪਿਆ ਤਾਂ ਇਹਨਾਂ ਪਵਿਤਰ ਗ੍ਰੰਥ ਰੂਪ ਗੁਰੂ ਸਾਹਿਬ ਵਿਚ ਕੋਈ ਖਾਮੀ ਕੋਈ ਗਲਤੀ ਨਹੀਂ ਹੋ ਸਕਦੀ। ਜਦ ਗੁਰੂ ਸਾਹਿਬ ਉਚਾਰਦੇ ਹਨ —'ਪਖਾਣ ਪੂਜ ਹੋਂ ਨਹੀ' ਤਾਂ ਜੇ ਆਪਣੇ ਸਿਖਾਂ ਨੂੰ ਗੁਰੂ ਗ੍ਰੰਥ ਸਾਹਿਬ ਜੀ ਦੇ ਚਰਨੀ ਲਾਇਆ ਹੈ, ਤਾਂ ਜ਼ਰੂਰ ਬਰ ਜ਼ਰੂਰ ਗੁਰੂ ਗ੍ਰੰਥ ਸਾਹਿਬ ਜੀ ਜਾਗਤ ਜੋਤ ਹਾਜ਼ਰ ਨਾਜ਼ਰ ਗੁਰੂ ਹਨ ਅਤੇ ਅਕਾਲ ਪੁਰਖ ਵਲੋਂ ਪ੍ਰਮਾਣਿਤ ਹਨ।

ਜੂਨ ਦੇ ਮਹੀਨੇ ਦੇ 'ਸੂਰਾ' ਰਸਾਲੇ ਦੇ ਅਖੀਰਲੇ ਪੰਨੇ ਤੇ ਇਹ ਪੜ੍ਹਕੇ ਦੁਖ ਹੋਇਆ ਹੈ ਕਿ ਕੁਝ ਵਿਦਵਾਨ ਇਹ ਭੀ ਕਹਿਣ ਲੱਗ ਪਏ ਹਨ ਕਿ 'ਮੇਰਾ ਮਨੁ ਲੋਚੈ ਗੁਰ ਦਰਸਨ ਤਾਈ' ਸ਼ਬਦ ਗੁਰਬਾਣੀ ਨਹੀਂ ਕਿਹਾ ਜਾ ਸਕਦਾ ਕਿਉਂ ਕਿ ਗੁਰੂ ਅਰਜਨ ਦੇਵ ਜੀ ਨੂੰ ਉਸ ਵੇਲੇ ਗੁਰਗਦੀ ਨਹੀਂ ਸੀ ਮਿਲੀ। ਇਨ੍ਹਾਂ ਮਹਾਨ ਪਰ ਕਹਾਉਤੀ ਵਿਦਵਾਨਾਂ ਅੱਗੇ ਦਾਸ ਦੀ ਤੁਛ ਬੁਧੀ ਇਹੀ ਬੇਨਤੀ ਕਰਦੀ ਹੈ ਕਿ ਜਾਂ ਤਾਂ ਇਹ ਸੱਜਣ ਉਪਰ ਲਿਖੇ ਇਸ ਸ਼ਬਦ ਨੂੰ ਗੁਰਬਾਣੀ ਮੰਨਣ ਕਿਉਂਕਿ ਇਹ ਸ਼ਬਦ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ, ਜਾਂ 'ਭੁਲਣ ਅੰਦਰ ਸਭ ਕੋ ਅਭੁਲ ਗੁਰੂ ਕਰਤਾਰ' ਦੀ ਤੁਕ ਨੂੰ ਗਲਤ ਮੰਨਣ, ਅਤੇ ਇਸ ਹਾਲਤ ਵਿਚ ਇਹਨਾਂ ਦੀ ਵਿਦਵਤਾ ਅਕਾਲ ਪੁਰਖ ਤੋਂ ਵੀ ਉਚੀ ਮੰਨੀ ਜਾਏਗੀ ਜੋ ਕਿ ਗੁਰੂ ਗਰੰਥ ਸ਼ਾਹਿਬ ਦੇ ਰਚਨਹਾਰ ਉਤੇ ਵੀ ਟੀਕਾ ਟਿਪਣੀ ਕਰਦੇ ਹਨ।

ਸੋ ਵਿਦਵਾਨ ਸਜਣੋ! ਗੁਰੂ ਗਰੰਥ ਸਾਹਿਬ ਜੀ ਦੀ ਉਪਮਾ ਕਹਿਣ ਵਰਨਣ ਤੋਂ ਬਾਹਰ ਹੈ, ਇਸ ਪਵਿਤਰ ਗਰੰਥ ਦੀ ਇਕ ਸਿਹਾਰੀ ਬਿਹਾਰੀ ਨੂੰ ਵੀ ਗਲਤ ਆਖਣ ਵਾਲੇ ਨੂੰ ਅਕਾਲ ਪੁਰਖ ਨੂੰ ਗਲਤ ਸਿੱਧ ਕਰਨਾ ਪਵੇਗਾ, ਅਤੇ ਇਥੇ ਹੀ ਬਸ ਨਹੀਂ, ਅਨੇਕ ਸ਼ਬਦ ਜਿਵੇਂ ਕਿ ਗੁਰ ਸਾਗਰੋ ਰਤਨਾਗਰੋ ਤਿਤੁ ਰਤਨ ਘਣੇਰੇ ਰਾਮ॥ ਅਤੇ ਰਤਨਾ ਰਤਨ ਪਦਾਰਥ ਬਹੁ ਸਾਗਰ ਭਰਿਆ ਰਾਮ॥ ਆਦਿ ਸ਼ਬਦਾਂ ਨੂੰ ਵੀ ਗਲਤ ਸਿੱਧ ਕਰਨਾ ਪਵੇਗਾ।

ਸਿਰਫ ਆਪਣੇ ਪਿਛੇ ਚੇਲੇ ਚਾਟੜੇ ਕੱਠੇ ਕਰਨ ਵਾਸਤੇ ਆਪਣਾ ਨਾਮ ਉਚਾ ਕਰਨ ਵਸਤੇ ਕਿ ਫਲਾਣੇ ਵਿਦਵਾਨ ਨੇ ਬਾਣੀ ਦੀ ਬੇਅੰਤ ਖੋਜ ਕੀਤੀ ਹੈ ਤੇ ਗੁਰੂ ਸਾਹਿਬ ਦੀ ਗਲਤੀ ਪਕੜੀ ਹੈ, ਸੋ ਕਹਾਉਤੀ ਵਿਦਵਾਨੋ! ਲੋਕਾਂ ਨੂੰ ਅਸ਼ਰਧਕ ਨਾ ਬਣਾਉ ਅਤੇ ਲੋਕਾਂ ਨੂੰ ਘੁੰਮਣ ਘੇਰੀਆਂ 'ਚ ਨਾ ਪਾਉ, ਯਥਾ ਗੁਰਵਾਕ:—

ਅਖੀ ਤ ਮੀਟਹਿ ਨਾਕ ਪਕੜਹਿ ਠਗਣ ਕਉ ਸੰਸਾਰ॥

ਕਿਤਨੀਆਂ ਕੁ ਤੁਕਾਂ ਜਾਂ ਸ਼ਬਦ ਧੁਰ ਕੀ ਬਾਣੀ' ਜਾਂ ਅਕਾਲ ਪੁਰਖ ਦੇ ਹੁਕਮ ਨਾ ਮੰਨਣ ਦਾ ਦਾਵਾ ਕਰੋਗੇ, ਕੀ ਇਹ ਭੀ ਗਲਤ ਹੈ 'ਗੁਰੂ ਗ੍ਰੰਥ ਜੀ ਮਾਨਿਓ ਪ੍ਰਗਟ ਗੁਰਾਂ ਕੀ ਦੇਹ॥' ਜੇ ਇਹ ਗਲਤ ਹੈ ਫਿਰ ਤਾਂ ਵਾਕਿਆ ਹੀ ਇਨ੍ਹਾਂ ਕਹਾਉਤੀ ਵਿਦਵਾਨਾਂ ਦੀ ਦੇਹ ਦੀ ਪੂਜਾ ਯੋਗ ਹੈ ਅਤੇ ਸਾਨੂੰ ਆਪਣਾ ਭਵਿਖ ਸਵਾਰਨ ਲਈ ਇਨ੍ਹਾਂ ਦੀ ਮਾਇਆ ਦੁਆਰਾ ਸੇਵਾ ਕਰਨੀ ਚਾਹੀਦੀ ਹੈ, ਤਾਕਿ ਇਹ ਸਜਣ ਲੱਖ ਲੱਖ ਰੁਪੈ ਦੀਆਂ ਕਾਰਾਂ ਖਰੀਦ ਲੈਣ ਤੇ ਸਾਨੂੰ ਸਭ ਨੂੰ ਉਨ੍ਹਾਂ 'ਚ ਬਿਠਾ ਕੇ ਸਵਰਗਾ ਪੁਰੀ ਲੈ ਜਾਣ।

ਸੋ ਕਹਾਉਤੀ ਵਿਦਵਾਨ ਸਜਣੋ! ਕੀ ਸਾਰੇ ਸ੍ਰੀ ਗੁਰੂ ਗਰੰਥ ਸਾਹਿਬ ਜੀ ਵਿਚੋਂ ਕੋਈ ਇਕ ਵੀ ਤੁਕ ਜਾਂ ਸ਼ਬਦ ਹੈ ਜੋ ਕਿ ਆਪ ਜੀ ਦੇ ਇਸ ਪਖੰਡ ਜਾਲ ਨੂੰ ਮਹੀ ਤੇ ਸਹੀ ਸਿਧ ਕਰਦੀ ਹੈ? ਜੇ ਨਹੀਂ, ਤਾਂ ਕੋਈ ਆਪਣਾ ਹੀ ਗ੍ਰੰਥ ਕਿਉਂ ਨਹੀਂ ਬਣਾ ਲੈਂਦੇ, ਜਿਸ ਵਿਚ ਆਪ ਆਪਣੀ ਮਰਜ਼ੀ ਦੀਆਂ ਗੱਲਾਂ ਭਾਵ ਸ਼ਬਦ ਭਰ ਲੈਂਦੇ, ਅਤੇ ਜੇ ਵਾਕੇਈ ਗੁਰੂ ਗਰੰਥ ਸਾਹਿਬ ਜੀ ਵਿਚੋਂ ਗਲਤੀਆਂ ਕਢਣ ਦੀ ਸੂਝ ਬੂਝ ਹੋ ਗਈ ਹੈ



www.AKJ.Org

ਤਾਂ ਕੋਈ ਗਰੰਥ ਬਨਾਣਾ ਕੋਈ ਔਖੀ ਗਲ ਨਹੀਂ। ਪਰ ਅਕਾਲ ਪੁਰਖ ਦੀ ਬਾਣੀ ਦੇ ਇਸ ਭਰਪੂਰ ਖਜ਼ਾਨੇ ਚੋਂ 'ਨਾਨਕ ਲਾਲ ਅਮੋਲਕਾ ਗੁਰਮੁਖ ਖੋਜ ਲਹੇਨ ॥' ਅਸਲੀ ਮਤਲਬ ਦੇ ਸ਼ਬਦ ਤਾਂ ਉਨ੍ਹਾਂ ਸੱਜਣਾਂ ਨੂੰ ਹੀ ਮਿਲਦੇ ਹਨ ਜਿਨ੍ਹਾਂ ਨੇ —

ਸਤਿਗੁਰ ਸਰਣੀ ਜਾਇ ਸੀਸੁ ਨਿਵਾਇਆ ॥
ਗੁਰ ਚਰਣੀ ਚਿਤੁ ਲਾਇ ਮਥਾ ਲਾਇਆ ॥
ਗੁਰਮਤਿ ਰਿਦੈ ਵਸਾਇ ਆਪੁ ਗਵਾਇਆ ॥
ਗੁਰਮੁਖਿ ਸਹਿਜ ਸੁਭਾਇ ਭਾਣਾ ਭਾਇਆ ॥
ਸਬਦ ਸੁਰਤਿ ਲਿਵ ਲਾਇ ਹੁਕਮੁ ਕਮਾਇਆ ॥
ਸਾਧ ਸੰਗਤਿ ਭੈ ਭਾਇ ਨਿਜ ਘਰਿ ਪਾਇਆ ॥
ਚਰਣ ਕਵਲ ਪਤੀਆਇ ਭਵਰੁ ਲੁਭਾਇਆ ॥
ਸੁਖ ਸੰਪਟ ਪਰਚਾਇ ਅਮਿਓ ਪੀਆਇਆ ॥
ਧੰਨ ਜਣੇਦੀ ਮਾਇ ਸਹਿਲਾ ਆਇਆ ॥

ਜਦ ਕਿ ਅਖੌਤੀ ਵਿਦਵਾਨਾ ਬਾਰੇ ਜਗ੍ਹਾ ਜਗ੍ਹਾ ਦ੍ਰਿਸ਼ਟਾਂਤ ਹਾਜ਼ਰ ਹਨ। ਉਦਾਹਰਣ ਦੇ ਤੌਰ ਤੇ :—

ਹਰਿ ਜਸੁ ਸੁਨਹਿ ਨ ਹਰਿ ਗੁਨ ਗਾਵਹਿ ॥
ਬਾਤਨ ਹੀ ਅਸਮਾਨੁ ਗਿਰਾਵਹਿ ॥੧॥
ਐਸੇ ਲੋਗਨ ਸਿਉ ਕਿਆ ਕਹੀਐ ॥
ਜੋ ਪ੍ਰਭਿ ਕੀਏ ਭਗਤਿ ਤੇ ਬਾਹਜ
ਤਿਨ ਤੇ ਸਦਾ ਡਰਾਨੇ ਰਹੀਐ ॥੧॥ਰਹਾਉ॥
ਆਪੁ ਨ ਦੇਹ ਚੁਰੂ ਭਰਿ ਪਾਨੀ ॥
ਤਿਹ ਨਿੰਦਹਿ ਜਿਹ ਗੰਗਾ ਆਨੀ ॥੨॥
ਬੈਠਤ ਉਠਤ ਕੁਟਿਲਤਾ ਚਾਲਹਿ ॥
ਆਪੁ ਗਏ ਅਉਰਨ ਹੂ ਘਾਲਹਿ ॥੩॥
ਛਾਡਿ ਕੁਚਰਚਾ ਆਨ ਨ ਜਾਨਹਿ ॥
ਬ੍ਰਹਮਾ ਹੂ ਕੋ ਕਹਿਓ ਨ ਮਾਨਹਿ ॥੪॥
ਆਪਿ ਗਏ ਅਉਰਨਿ ਹੂ ਖੋਵਹਿ ॥
ਆਗਿ ਲਗਾਇ ਮੰਦਰ ਮੈ ਸੋਵਹਿ ॥੫॥
ਅਵਰਨ ਹਸਤ ਆਪਿ ਹਹਿ ਕਾਂਨੇ ॥
ਤਿਨ ਕਉ ਦੇਖਿ ਕਬੀਰ ਲਜਾਨੇ ॥੬॥

ਤੱਤ ਇਹ ਹੈ ਕਿ ਜੇ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੀ ਬਾਣੀ ਇਹਨਾਂ ਵਿਦਵਾਨਾਂ ਦੇ ਮਾਫਕ ਨਹੀਂ ਬਹਿੰਦੀ ਤਾਂ ਆਪਣਾ ਨਵਾਂ ਧਰਮ ਕਿਸੇ ਹੋਰ ਮਾਡਰਨ ਨਾਮ ਨਾਲ ਚਾਲੂ ਕਰ ਲੈਣ, ਜਿਸਦੇ ਅਸੂਲ ਭੀ ਮਾਡਰਨ ਹੋਣ, ਪਰ ਕਿਰਪਾ ਕਰਕੇ ਸਿਖ ਧਰਮ ਬਾਰੇ ਗਲਤ ਖੋਜਾਂ ਬੰਦ ਕਰਨ। ਆਖਰ ਇਹ ਕਹਿਣ ਦਾ ਕੀ ਭਾਵ ਹੈ ਕਿ ਅਸੀਂ ਸ੍ਰੀ ਗੁਰੂ ਗਰੰਥ ਸਾਹਿਬ ਜੀ ਨੂੰ ਗੁਰੂ ਮੰਨਦੇ ਹਾਂ, ਪਰ ਦੇਹ ਧਾਰੀ ਗੁਰੂ ਨਹੀਂ ਜਾਂ ਇਨ੍ਹਾਂ ਵਿਚ ਫਲਾਣਾ ਸ਼ਬਦ ਕੱਚੀ ਬਾਣੀ ਹੈ। ਜੇ ਆਪਣੇ ਗੁਰੂ ਵਿਚ ਇਸ ਤਰਾਂ ਦੀਆਂ ਖਾਮੀਆਂ ਆਪ ਨੋਟ ਕਰ ਰਹੇ ਹੋ ਤਾਂ ਇਸ ਤਰਾਂ ਦੀਆਂ ਖਾਮੀਆਂ ਵਾਲੇ ਗੁਰੂ ਨੂੰ ਆਪਣਾ ਗੁਰੂ ਕਿਉਂ ਮੰਨਦੇ ਹੋ, ਕੋਈ ਹੋਰ ਲਭ ਲਵੋ। ਆਜ਼ਾਦ ਭਾਰਤ ਵਿਚ ਹਰ ਇਕ ਨੂੰ ਆਪਣੀ ਮਰਜ਼ੀ ਨਾਲ ਗੁਰੂ ਬਨਣ ਜਾਂ ਚੁਨਣ ਤੇ ਕੋਈ ਪਾਬੰਦੀ ਨਹੀਂ, ਪਰ ਇਸ ਦੇ ਨਾਲ ਨਾਲ ਕਿਸੇ ਧਰਮ ਨੂੰ ਅਧੂਰਾ ਕਹਿਣ ਦੀ ਕੋਈ ਆਗਿਆ ਨਹੀਂ। ਅਫਸੋਸ, ਕਿ ਸਿਖ ਸੰਗਤਾਂ ਖੁਦ ਹੀ ਆਪਸ ਵਿਚ ਖਿੰਡ ਪੁੰਡ ਕੇ ਇਹੋ ਜਿਹੇ ਡੰਭੀ ਪ੍ਰਚਾਰ ਨੂੰ ਹਵਾ ਦੇ ਰਹੀਆਂ ਹਨ।

## ਤੀਸਰ ਰੂਪ ਸਿੱਖ ਹੈ ਮੋਹਿ ॥—

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਆਪਣਾ ਜੀਵਨ ਬ੍ਰਿਤਾਂਤ ਬਚਿਤ੍ਰ ਨਾਟਕ ਵਿਚ ਇਸ ਤਰਾਂ ਵਰਨਣ ਕਰਦੇ ਹਨ —

ਅਬ ਮੈਂ ਅਪਨੀ ਕਥਾ ਬਖਾਨੋ ॥
ਤਪ ਸਾਧਤ ਜਿਹ ਬਿਧਿ ਮੁਹਿ ਆਨੋ ॥
ਹੇਮਕੁੰਟ ਪਰਬਤ ਹੈ ਜਹਾਂ ॥
ਸਪਤ ਸ੍ਰਿੰਗ ਸੋਭਿਤ ਹੈ ਤਹਾਂ ॥
ਸਪਤ ਸ੍ਰਿੰਗ ਤਿਹ ਨਾਮੁ ਕਹਾਵਾ ॥
ਪੰਡੁ ਰਾਜ ਜਹ ਜੋਗੁ ਕਮਾਵਾ ॥
ਤਹ ਹਮ ਅਧਿਕ ਤਪੱਸਿਆ ਸਾਧੀ ॥
ਮਹਾ ਕਾਲ ਕਾਲਕਾ ਅਰਾਧੀ ॥
ਇਹ ਬਿਧਿ ਕਰਤ ਤਪੱਸਿਆ ਭਯੋ ॥
ਦ੍ਵੈ ਤੇ ਏਕ ਰੂਪ ਹ੍ਵੈ ਗਯੋ ॥

ਅਕਾਲ ਪੁਰਖ ਨਾਲ ਅਭੇਦ, ਏਕ ਰੂਪ ਹੋ ਚੁਕੇ ਗੁਰੂ ਸਾਹਿਬ ਆਪਣੇ ਤੀਸਰੇ ਰੂਪ ਦਾ ਮਾਨ ਬਖਸ਼ਦੇ ਹਨ, ਆਪਣੇ ਸਿੱਖਾਂ ਨੂੰ, ਅਤੇ ਆਪਣੇ ਉਨ੍ਹਾਂ ਸਿੱਖਾਂ ਦੀ ਸਿਫਤ ਇਸ ਤਰਾਂ ਬਿਆਨ ਕਰਦੇ ਹਨ :—

ਸੇਸ ਰਸਨ ਸਾਰਦ ਸੀ ਬੁੱਧ ॥
ਤਦਪ ਨ ਉਪਮਾ ਬਰਨਤ ਸੁੱਧ ॥
ਯਾ ਮੈ ਰੰਚ ਨ ਮਿਥਿਆ ਭਾਖੀ ॥
ਪਾਰਬ੍ਰਹਮ ਗੁਰ ਨਾਨਕ ਸਾਖੀ ॥
ਰੋਮ ਰੋਮ ਜੇ ਰਸਨਾ ਪਾਊਂ ॥
ਤਦਪ ਖਾਲਸਾ ਜਸ ਤਹਿ ਗਾਊਂ ॥
ਹੌ ਖਾਲਸੇ ਕਾ ਖਾਲਸਾ ਮੇਰੋ ॥
ਓਤ ਪੋਤਿ ਸਾਗਰ ਬੂੰਦੇਰੋ ॥*


www.AKJ.Org

# ਬੱਝ

( ਪ੍ਰਿੰਸੀਪਲ ਮੇਹਰ ਸਿੰਘ ਜੀ ਡ੍ਹੇਰਾਦੂਨ )

ਆਤਮਕ ਰਾਹ ਵਿਚ ਇਹ ਸ਼ਬਦ (ਬੱਝ), ਰੁਕਾਵਟ, ਤੋਟਾ, ਗੁਮਰਾਹੀ ਤੇ ਭਟਕਨ ਦਾ ਬੋਧਕ ਹੈ। ਇਹ 'ਬੱਝ' ਉਹ ਹੀ ਕੰਮ ਕਰਦੀ ਹੈ ਜੋ 'ਮਾਇਆ'। ਜਿਸ ਤਰ੍ਹਾਂ ਮਨੁਖ ਤੇ ਮਾਇਆ ਦਾ ਅਸਰ ਉਸ ਨੂੰ ਗੁਰਮਤਿ ਵਲ ਆਉਣ ਹੀ ਨਹੀਂ ਦੇਂਦਾ ਇਸੇ ਤਰ੍ਹਾਂ ਇਹ ਬੱਝ ਵੀ ਮਨੁਖ ਨੂੰ ਗੁਰਮਤਿ ਦੇ ਰਾਹ ਵਲ ਆਉਣ ਹੀ ਨਹੀਂ ਦੇਂਦੀ ਤੇ ਜੇ ਮਨੁਖ ਰਾਹ ਤੇ ਚਲਣ ਲਗ ਪਵੇ ਤਾਂ ਫੇਰ ਇਹ ਬਹੁਤ ਹੀ ਰਸਦਾਇਕ ਵੇਲਿਆਂ ਤੇ ਆਕੇ ਐਸੀ ਚੋਟ ਲਗਾਉਂਦੀ ਹੈ ਕਿ ਮਨੁਖ ਜ਼ਰੂਰ ਹੀ ਆਪਨੇ ਰਸਤੇ ਤੋਂ ਥਿੜਕ ਜਾਂਦਾ ਹੈ।

## ਜਨਮ ਤੋਂ ਪਹਿਲੋਂ ਇਸ ਦਾ ਅਸਰ

'ਇਸ ਮਨ ਕੌ-ਜਨਮ ਜਨਮ ਕੀ ਮਲ ਲਾਗੀ ਕਾਲਾ ਹੋਇਆ ਸਿਆਹ।' ਇਹ ਮਹਾਂਵਾਕ ਸ਼ਹਾਦਤ ਦੇਂਦਾ ਹੈ ਕਿ ਮਨੁਖ ਦਾ ਮਨ ਜਨਮ ਤੋਂ ਪਹਿਲਾਂ ਹੀ ਇਸ ਦੇ ਅਸਰ ਵਿਚ ਹੀ ਆ ਕੇ ਕਾਲਾ ਹੋਇਆ ਹੋਇਆ ਹੁੰਦਾ ਹੈ ਜਿਹੜਾ ਕਾਲਾਪਨ ਕਿ ਮਨੁਖ ਇਸ ਮਨੁਖਾ-ਜਨਮ ਵਿਚ ਨਰਿੰਤਰ ਅਭਿਆਸ ਕਰਨ ਕਰਕੇ ਹੀ ਉਤਾਰਨ ਦੀ ਕੋਸ਼ਿਸ਼ ਕਰਦਾ ਹੈ ਤੇ ਫੇਰ ਕਿਤੇ ਉਸ ਤੇ ਮਗਰੋਂ ਹੀ ਆਤਮਕ ਰਾਹ ਤੇ ਚਲਣ ਦੀ ਆਸ ਕਰ ਸਕਦਾ ਹੈ। ਤੇ ਗੁਰੂ ਟੂਟੀ ਗਾਡਨ ਹਾਰ ਗੋਪਾਲ ਦੀ ਕ੍ਰਿਪਾ ਨਾਲ ਉਹ ਫੇਰ ਆਤਮਕ ਮੰਡਲਾਂ ਦਾ ਰਸ ਮਾਣਦਾ ਹੈ।

## ਜਨਮ ਵੇਲੇ ਇਸ ਬੱਝ (ਮਾਇਆ ਦੀ ਪੁਤਰੀ) ਦਾ ਅਸਰ

ਬੱਚਾ ਪੈਦਾ ਹੁੰਦਾ ਕਿਉਂ ਰੋਂਦਾ ਹੈ? ਆਤਮਕ ਵਿਛੋੜੇ ਕਰਕੇ ਜਦੋਂ ਉਸ ਦੀ ਲਿਵ ਦਾਤੇ ਨਾਲੋਂ ਛੁਟ ਜਾਂਦੀ ਹੈ ਤੇ ਜਦੋਂ ਦੁਨੀਆਂ ਦੀ ਰੋਸ਼ਨੀ ਦੇਖਨ ਤੇ ਉਸ ਤੇ ਮਾਇਆ ਦਾ ਪੜਦਾ ਪਿਆ।' ਸੋ ਇਹ ਬੱਝ ਦਾ ਪਹਿਲਾ ਪੁਰਜ਼ੋਰ ਅਸਰ ਹੈ। ਇਹ ਅਸਰ 'ਲਿਵ ਛੁੜਕੀ ਲਗੀ ਤ੍ਰਿਸਨਾ ਮਾਇਆ ਅਮਰ ਵਰਤਾਇਆ' ਗੁਰਵਾਕਾਨੁਸਾਰ ਸਾਧਾਰਨ

---

*ਸੋ ਇਸ ਤਰਾਂ ਦੇ ਗੁਰੂ ਰੂਪ ਸਿੱਖਾਂ ਬਾਰੇ ਕੁਝ ਭੀ ਲਿਖ ਸਕਣਾ ਜਾਂ ਲਿਖਣ ਦੀ ਹਿੰਮਤ ਕਰਨਾ, ਜ਼ਾਤ ਦੀ ਕੋਹੜ ਕਿਰਲੀ ਤੇ ਸ਼ਤੀਰਾਂ ਨੂੰ ਜੱਫੇ ਵਾਲੀ ਗਲ ਹੈ ਕਿਉਂਕਿ ਉਹ ਸਿਖ ਖਾਲਸਾ ਦੁਨੀਆਂ ਤੋਂ ਨਿਆਰਾ, ਤੇ 'ਬ੍ਰਹਮ ਗਿਆਨੀ ਸਦਾ ਨਿਰਲੇਪ' ਅਨੁਸਾਰ ਦੁਨੀਆਂ 'ਚ ਰਹਿੰਦਾ ਹੋਇਆ ਭੀ ਹਰ ਪਲ ਗੁਰੂ ਜਸ, ਨਾਮ ਖੁਮਾਰੀ ਵਿਚ 'ਮੈ ਦੀਵਾਨਾ ਭਇਆ ਅਤੀਤੁ' ਅਨੁ-ਸਾਰ ਅਲਮਸਤ ਮਤਵਾਰਾ 'ਗੁਰ ਕਹੈ ਸੁ ਕਾਰ' ਹੀ ਕਮਾਉਂਦਾ ਹੈ।

ਅਗਲੀ ਪੰਗਤੀ ਵਿਚ ਗੁਰੂ ਜੀ ਫੁਰਮਾਉਂਦੇ ਹਨ :—

ਜਬ ਇਹ ਗਹੈ ਬਿਪਰਨ ਕੀ ਰੀਤ ॥
ਮੈਂ ਨ ਕਰੋਂ ਇਨਕੀ ਪਰਤੀਤ ॥

ਸੋ ਇਸ ਅਨੁਸਾਰ ਹੁਣ ਅਸੀਂ ਲਾਵਾਰਸੇ ਹਾਂ, ਸਾਡੀ ਰਖਿਆ ਇਸ ਰੂਪ 'ਚ ਕਰਨ ਲਈ ਗੁਰੂ ਸਾਹਿਬ ਸਾਫ਼ ਇਨਕਾਰੀ ਹਨ।

ਇਨਹੀ ਕੇ ਪ੍ਰਸਾਦਿ ਸੁ ਬਿਦਿਆ ਲਈ
ਇਨਹੀ ਕੀ ਕ੍ਰਿਪਾ ਸਭ ਸਤ੍ਰੁ ਮਰੇ ॥
ਇਨਹੀ ਕੀ ਕ੍ਰਿਪਾ ਕੇ ਸਜੇ ਹਮ ਹੈਂ
ਨਹੀਂ ਮੋ ਸੇ ਗਰੀਬ ਕਰੋਰ ਪਰੇ ॥

ਸਾਡੀ ਗਿਣਤੀ ਕਰਕੇ ਨਹੀਂ ਕਿਹਾ, ਸਗੋਂ ਉਹਨਾਂ ਸਿਖਾਂ ਪ੍ਰਤੀ ਹੈ, ਜੋ —

ਜਾਗਤ ਜੋਤਿ ਜਪੈ ਨਿਸ ਬਾਸਰੁ ਏਕ ਬਿਨਾ ਮਨ ਨੈਕ ਨ ਆਨੈ।

—੦—



www.AKJ.Org

ਮਨੁਖ ਉਤੇ ਪਹਿਲੇ ੧੮ ਸਾਲ ਦੀ ਆਯੂ ਤਕ ਬਹਤ ਹੀ ਜ਼ੋਰਦਾਰ ਹੁੰਦਾ ਹੈ ਜਿਸ ਸਮੇਂ ਵਿਚ ਕਿ ਉਸਦੀਆਂ ਆਦਤਾਂ ਦੀ ਪੂਰੀ ਬਨਾਵਟ ਹੋ ਜਾਂਦੀ ਹੈ ਜਿਹੜੀਆਂ ਕਿ ਉਸ ਦਾ ਜੀਵਨ ਸਾਥੀ ਹੁੰਦੀਆਂ ਹਨ ਜਿਹਨਾਂ ਨੂੰ ਉਹ ਛਡ ਹੀ ਨਹੀਂ ਸਕਦਾ। ਮਾਇਆ ਦੇ ਅਸਰ ਅੰਦਰ ਇਹ ਆਦਤਾਂ ਬਨੀਆਂ ਹੋਈਆਂ ਹੋਣ ਕਰ ਕੇ ਇਹ ਮਨੁਖ ਲਈ ਗੁਰਮਤਿ ਰਾਹ ਵਿਚ ਰੁਕਾਵਟ ਪੈਦਾ ਕਰਦੀਆਂ ਹਨ। ਮਨੁਖ ਇਸ ਉਮਰ ਵਿਚ ਤ੍ਰਹ ਗੁਣ ਵਿਚ ਫਸ ਕੇ ਧਰਮ ਤੇ ਨੇਕੀ ਨੂੰ ਭੁਲ ਜਾਂਦਾ ਹੈ। ਕੁਝ ਹੀ ਰੂਹਾਂ ਐਸੀਆਂ ਹੁੰਦੀਆਂ ਹਨ ਜੇਹੜੀਆਂ ਕਿ ਪੂਰਬਲੇ ਚੰਗੇ ਕਰਮਾਂ ਕਰਕੇ ਯਾ ਚੰਗੀ ਸੰਗਤਿ ਦੇ ਕਾਰਨ ਯਾ ਘਰ ਦੇ ਚੰਗੇ ਵਾਤਾਵਰਨ ਦੇ ਕਾਰਨ ਇਸ ਮਾਇਆ ਦੇ ਅਸਰ ਹੇਠ ਆਇਆਂ ਹੋਇਆਂ ਹੁੰਦਿਆਂ ਵੀ ਅਪਨੀ ਮੰਜ਼ਲੇ-ਮਕਸੂਦ ਲਈ ਤਿਆਰ ਰਹਿੰਦੇ ਹਨ ਤੇ ਇਹਨਾਂ ਦਾ ਦੁਨੀਆਂ ਦੀ ਮਾਇਆ ਨਾਲ ਸੰਘਰਸ਼ (ਜੰਗ) ਹੀ ਰਹਿੰਦਾ ਹੈ ਅਤੇ ਇਹ ਆਤਮਕ ਸਫ਼ਰ ਦੀ ਸੜਕ ਤੇ ਚਲਦਿਆਂ ਹੋਇਆਂ ਆਪਨਾ ਪਰਮਾਰਥ ਸੰਵਾਰਨ ਵਿਚ ਜੁਟੇ ਹੀ ਰਹਿੰਦੇ ਹਨ ਪਰੰਤੂ ਦੁਨੀਆਂ ਦੇ ਬਹੁਤ ਸਾਰੇ ਲੋਗ ਇਸ ਮਾਇਆ ਦੀ ਗੋਦ ਵਿਚ ਸੁਤੇ ਹੀ ਰਹਿੰਦੇ ਹਨ। ਮਹਾਂਵਾਕ ਅਨੁਸਾਰ 'ਗੁਝੀ' ਭਾ ਜਲੇ ਸੰਸਾਰਾ, ਭਗਤ ਨ ਬਿਆਪੇ ਮਾਇਆ' ਇਹ ਕੀ ਹੈ ? ਸਾਰੇ ਦਾ ਸਾਰਾ 'ਬੱਝ' ਦਾ ਹੀ ਚਕਰ ਹੈ ਪਰ 'ਗੋਸਾਈਂ ਦੇ ਪਹਿਲਵਾਨੜੇ' ਧਾਰਮਕ ਦਾਇਰੇ ਵਿਚ ਆਏ ਹੋਇ ਗੁਰਮਤਿ ਪਾਂਧੀ ਇਸ ਬੱਝ ਦੀ ਨਾਸਕਾਰੀ ਚੋਟ ਤੋਂ ਬਚ ਹੀ ਜਾਂਦੇ ਹਨ। ਪਰ ਫਿਰ ਵੀ ਉਹ ਕਦੀ ਕਦੀ ਐਸਾ ਜ਼ਬਰਦਸਤ ਹਮਲਾ ਕਰਦੀ ਹੈ ਅਤੇ ਉਹਨਾਂ ਨੂੰ ਵੀ ਐਸਾ ਉਲਟਾ ਸੁਟਦੀ ਹੈ ਕਿ ਉਹ ਬਹੁਤ ਦੇਰ ਤਕ ਬੇ ਰਸੀ ਦੀ ਜ਼ਿੰਦਗੀ ਗੁਜ਼ਾਰਦੇ ਹਨ ਤੇ ਫੇਰ ਨਿਰੰਤਰ ਅਰਦਾਸਿਆਂ ਤੇ ਜੋਦੜੀਆਂ ਨਾਲ ਹਿੰਮਤ ਕਰਕੇ ਗੁਰਮਤਿ ਦੇ ਰਾਹ ਤੇ ਆ ਜਾਂਦੇ ਹਨ। ਇਸ ਪ੍ਰਕਾਰ 'ਬੱਝ' ਨਾਲ ਜ਼ਿੰਦਗੀ ਭਰ ਲੜਾਈ ਚਲਦੀ ਰਹਿੰਦੀ ਹੈ ਅਤੇ ਨ ਜਾਨੇ ਅੰਤ ਵਿਚ ਕੌਣ ਜਿਤਦਾ ਹੈ ਇਹ ਸਭ ਕੁਝ ਅਕਾਲ ਪੁਰਖ ਦੇ ਹਥ ਵਿਚ ਹੈ।

'ਬੱਝ' ਦੀ ਪਰੀਭਾਸ਼ਾ ਕਰਦਿਆਂ ਹੋਇਆਂ ਇਹ ਕਿਹਾ ਜਾ ਸਕਦਾ ਹੈ ਕਿ ਇਹ 'ਮਾਇਆ ਦੀ ਪੁਤਰੀ' ਐਸੀ ਬਲੀ ਹੈ ਕਿ ਜਿਸ ਦਾ ਇਕੋ ਹੀ ਅਚਾਨਕ ਹਮਲਾ, 'ਕੇਲ ਕਰੇਂਦੇ ਹੰਝੂਆਂ ਅਚਿੰਤੇ ਬਾਜ ਪਏ' 'ਬਾਜ ਪਏ ਤਿਸ ਰਬ ਦੇ, ਕੇਲਾ ਵਿਸਰੀਆਂ' ਦੇ ਅਨੁਸਾਰ ਪਕੇ ਸਿਖ ਨੂੰ ਵੀ ਗੁਰਮਤਿ ਰਾਹ ਤੋਂ ਉਖੇੜ ਦੇਂਦਾ ਹੈ। ਉਸ ਵੇਲੇ ਮਨੁਖ ਨੂੰ ਅਪਨੀ ਜ਼ਿੰਦਗੀ ਦੀ ਸਾਰੀ ਗੁਰਮਤਿ ਕਮਾਈ ਬਰਬਾਦ ਹੁੰਦੀ ਹੋਈ ਨਜ਼ਰ ਆਉਂਦੀ ਹੈ। ਮਨੁਖ ਵਿਚ ਬੇਹੋਸ਼ਲੀ ਬਹੁਤ ਆ ਜਾਂਦੀ ਹੈ ਉਸ ਦਾ ਸ਼ਰਧਾ ਦਾ ਬੂਟਾ ਸੁਕਨ ਲਗ ਪੈਂਦਾ ਹੈ ਤੇ ਇਹ ਉਸ ਦਾ ਦੁਰਭਾਗ ਹੈ। ਵਡੇ ਵਡੇ ਹਮਲਿਆਂ ਦੇ ਵੇਲੇ ਤੇ ਕਦੀ ਕਦੀ ਮਨੁਖ ਅਸ਼ਰਧ ਵੀ ਹੋ ਜਾਂਦਾ ਹੈ ਮਨੁਖ ਅਸਲੀ ਰਾਹ ਛਡ ਦੇਂਦਾ ਹੈ ਅਤੇ ਪਾਗਲ ਜਿਹਾ ਹੋ ਜਾਂਦਾ ਹੈ । ਨ ਉਹ ਦੀਨ ਦਾ ਨ ਦੁਨੀ ਦਾ। ਇਹ ਹੈ ਇਸ ਦਾ ਮਾਰੂ ਅਸਰ ॥ ਇਹ ਬੱਝ ਐਸੀ ਬੇਰਸੀ ਦਾ ਨਾਮ ਹੈ ਜਿਸ ਦਾ ਇਲਾਜ ਬਹੁਤ ਘਟ ਗੁਰਮਤਿ ਪਾਂਧੀ ਜਾਣਦੇ ਹਨ। ਐਸੀ ਹਾਲਤ ਵਿਚ ਜਦੋਂ ਤਕ ਉਹ ਕਿਸੇ ਦਿਬ੍ਰ ਦ੍ਰਿਸ਼ਟੀ ਦੀ ਰਾਹਨੁਮਾਈ ਵਿਚ ਨਾ ਆਵੇ, ਇਸ ਨਾਮੁਰਾਦ 'ਬੱਝ' ਦੇ ਪੰਜੇ ਵਿਚੋਂ ਨਹੀਂ ਨਿਕਲ ਸਕਦਾ। ਬੱਝ, ਗੁਰਮਤਿ ਪਾਂਧੀ ਦੀ 'ਰੁਕੀ ਹੋਈ ਆਤਮਕ ਦਸ਼ਾ (Stand-still sporitual condition) ਦਾ ਨਾਉਂ ਹੈ। ਇਸ ਵੇਲੇ ਢਹਿੰਦੀ ਕਲਾ, ਬੁਰੇ ਖਿਆਲ ਤੇ ਫੁਰਨੇ ਜਿਹੜੇ ਕਿ 'ਬੱਝ' ਦੇ ਲਸ਼ਕਰ ਦੇ ਰੁਕਨ ਹਨ ਮਨੁਖ ਨੂੰ ਦੋਹਾਂ ਪਾਸਿਆਂ ਤੋਂ ਘੇਰ ਲੈਂਦੇ ਹਨ । ਜਿਵੇਂ 'ਖੇੜਾ' ਆਤਮਕ ਪੇੜ ਦਾ ਫਲ ਹੈ ਇਸੇਤ੍ਰਹਾਂ 'ਬੱਝ' ਮਾਇਆ ਦੇ ਪੇੜ ਦਾ ਫਲ ਹੈ ਇਸੇ ਲਈ ਤੇ ਇਸ ਦਾ ਨਾਉਂ 'ਮਾਇਆ ਦੀ ਪੁਤਰੀ' ਵੀ ਹੈ। ਇਹ ਗੁਰਮਤਿ ਦੇ ਪੇੜ ਲਈ ਘੁਨ ਦਾ ਕੰਮ ਕਰਦੀ ਹੈ। ਇਹ ਬੱਝ ਗੁਰਮਤਿ ਤੇ ਚਲਨ ਵਾਲੇ ਦੀ ਉਸ ਭਿਆਨਕ ਦਸ਼ਾ ਦਾ ਨਾਉਂ ਹੈ ਜਿਸ ਵਿਚ ਉਸਦੀ ਐਸੀ ਹਾਲਤ ਹੁੰਦੀ ਹੈ ਜਿਵੇਂ ਕੋਈ ਆਪਣੀਆਂ ਅਖਾਂ ਸਾਮਣੇ ਅਪਨਾ ਮਕਾਨ ਸੜਦਾ ਦੇਖ ਰਿਹਾ ਹੋਵੇ ਤੇ ਉਹ ਆਪ ਬੇਬਸ ਹੋਵੇ ਵਾਹਿਗੁਰੂ ਦੇ ਸਹਾਰੇ ਤੇ ਹੋਵੇ ਤੇ ਉਸ ਅਗੇ ਹੀ ਇਸਦੇ ਇਲਾਜ ਲਈ ਬੇਨਤੀ ਕਰ ਰਿਹਾ ਹੋਵੇ। 'ਬਝ' ਦਾ ਨਾਉ ਤੋਟਾ' ਵੀ ਹੈ ਜਿਵੇਂ ਮਨੁਖ ਨੂੰ ਧਨ ਦਾ ਤੋਟਾ ਆਉਂਦਾ ਹੈ ਉਸਦਾ ਕਾਰੋਬਾਰ ਬੰਦ ਹੋ ਜਾਂਦਾ ਹੈ ਇਸ ਤਰਾ ਨਾਮ ਅਭਿਆਸੀ ਨੂੰ ਵੀ ਅਪਨੇ ਰੋਜ਼ਾਨਾ ਅਭਿਆਸ ਵਿਚ ਤੋਟਾ ਆ ਜਾਵੇ ਤਾਂ ਇਨੂੰ 'ਬਝ' ਆ ਗਈ ਕਰਕੇ ਕਿਹਾ ਜਾਂਦਾ ਹੈ।

ਆਉ ਹੁਣ ਵਿਚਾਰ ਕਰੀਏ ਕਿ ਇਹ ਬਝ ਕਿਸ



www.AKJ.Org

ਵੇਲੇ ਆਉਂਦੀ ਹੈ। ਉਪਰ ਦਸਿਆ ਹੈ ਕਿ ਬੁਰੇ ਖਿਆਲਾਤ ਅਤੇ ਫੁਰਨੇ ਇਸ ਬੱਝ ਦੇ ਕਾਰਕੁਨ ਹਨ। ਸੋ ਜਦੋਂ ਵੀ ਸਿਖ ਸਿਮਰਨ ਤੇ ਬੈਠਦਾ ਹੈ ਉਦੋਂ ਹੀ ਐਸੇ ਐਸੇ ਖਿਆਲਾਂ ਦੀ ਘੋੜ ਦੌੜ ਇਸਦੇ ਦਿਮਾਗ ਵਿਚ ਸ਼ੁਰੂ ਹੋ ਜਾਂਦੀ ਹੈ ਤੇ ਐਸੀ ਐਸੀ ਸ਼ਕਲਾਂ (ਮਨੁਖਾਂ ਤੇ ਇਸਤਰੀਆਂ) ਦੇ ਦਰਸ਼ਨ ਹੁੰਦੇ ਹਨ ਤੇ ਇਹ ਸ਼ਕਲਾਂ ਸਿਨੇਮਾ ਦੀਆਂ ਚਲਦੀਆਂ ਮੂਰਤਾਂ ਵਾਂਗੂੰ ਇਵੇਂ ਭਜਦੀਆਂ ਫਿਰਦੀਆਂ ਹਨ ਜਿਨ੍ਹਾਂ ਨੂੰ ਅਸੀਂ ਕਦੇ ਵੀ ਖਿਆਲ ਵਿਚ ਆਉਣ ਦੀ ਉਮੀਦ ਹੀ ਨਹੀਂ ਕਰਦੇ ਅਤੇ ਜਿਹੜੀਆਂ ਸਾਨੂੰ ਬਿਲਕੁਲ ਹੀ ਭੁਲ ਗਈਆਂ ਹੁੰਦੀਆਂ ਹਨ। ਐਸਾ ਕਿਉਂ ਹੁੰਦਾ ਹੈ? ਕਾਰਨ ਇਹ ਹੈ ਕਿ ਸਾਡੇ ਅੰਤ੍ਰੀਵੀ ਹਿਰਦੇ ਵਿਚ ਕੁਝ ਕੁ 'ਨ ਪੂਰੀਆਂ ਹੋਈਆਂ ਇਛਾਵਾਂ' (Unfullfilled desires) ਹੁੰਦੀਆਂ ਹਨ ਅਤੇ ਉਹ ਮਨ ਦੀ ਗੰਦਗੀ ਦੇ ਕਾਰਨ ਜਦੋਂ ਕਦੀ ਮੌਕਾ ਵੇਖਦੀਆਂ ਹਨ ਫੇਰ ਨਮੂਦਾਰ (ਜ਼ਾਹਿਰ) ਹੋ ਜਾਂਦੀਆਂ ਹਨ ਇਸੇ ਕਾਰਣ ਅਸੀਂ ਐਸਾ ਸੋਚਨਾ ਨ ਪਸੰਦ ਕਰਦਿਆਂ ਹੋਇਆਂ ਵੀ ਐਸਾ ਸੋਚਦੇ ਹਾਂ ਅਤੇ ਮਲੋ ਮਲੀ ਐਸੇ ਵਿਚਾਰਾਂ ਵਾਲੀ ਪ੍ਰੇਸ਼ਾਨੀ ਦਾ ਸ਼ਿਕਾਰ ਬਣ ਜਾਂਦੇ ਹਾਂ। ਇਸਦਾ ਇਲਾਜ ਇਹ ਹੈ ਕਿ ਉਸ ਵੇਲੇ (ਸਿਮਰਨ ਵੇਲੇ 'ਤੀਖਣ ਬਾਣ ਚਲਾਏ ਹਰਿ ਹਰਿ ਗਾਈਐ' ਮਹਾਂਵਾਕ ਯਾਦ ਕਰਕੇ ਖੰਡੇ ਖੜਕਾਉਣ ਦਾ ਐਸਾ ਹੜ ਚਲਾਉ ਕਿ ਐਸੇ ਕਿਸਮ ਦੇ ਸਾਰੇ ਵਿਚਾਰ ਉਸ ਹੜ ਵਿਚ ਰੁੜ੍ਹ ਜਾਣ। ਤਾਂ ਫੇਰ ਗੁਰ ਸਿਖ ਦਾ ਮਨ 'ਆਂਧੀ ਪਾਛੇ ਜਿਉ ਜਲ ਬਰਸੇ ਤਿਉ ਤੇਰਾ ਜਨ ਭੀਨਾ' ਦੀ ਤਰ੍ਹਾਂ ਹਲਕਾ ਫੁਲਕਾ ਹੋ ਜਾਵੇਗਾ।

ਸਾਫ਼ ਜ਼ਾਹਿਰ ਹੋਇਆ ਕਿ ਸਿਮਰਨ ਵਿਚ ਬੈਠਿਆਂ ਹੋਇਆਂ ਇਸ ਪ੍ਰਕਾਰ ਦੇ ਬੁਰੇ ਖਿਆਲਾਂ ਦਾ ਆਉਣਾ 'ਬੱਝ' ਦੇ ਇਕ ਛੋਟੇ ਜਿਹੇ ਕਾਰਕੁਨ ਦਾ ਇਕ ਛੋਟਾ ਜਿਹਾ ਸਾਧਾਰਨ ਫੇਰਾ ਹੈ। ਅੰਦਾਜ਼ਾ ਲਾਉ ਕਿ ਜਿਸ ਦੇ ਛੋਟੇ ਜਿਹੇ ਨੌਕਰ ਚਾਕਰ ਐਸੇ ਹਨ ਉਹ ਆਪ ਕਿਹੋ ਜਿਹੀ ਭਿਆਨਕ ਹੋਵੇਗੀ। ਇਸ ਬੱਝ ਦੀ ਚੋਟ ਦਾ ਦੁਖ ਉਹੀ ਜਾਣਦਾ ਹੈ ਜਿਸਨੇ ਇਹ ਚੋਟ ਖਾਧੀ ਹੋਵੇ।

ਇਥੇ ਮੈਨੂੰ ਇਕ ਮਿਤਰ ਗੁਰਮੁਖ ਦੀ ਯਾਦ ਆਉਂਦੀ ਹੈ ਜਿਹੜੇ ਮੈਨੂੰ ੧੯੫੩ ਵਿਚ ਮਿਲੇ। ਉਹ ਸਰਬਲੋਹੀ ਸਿੰਘ ਸਨ। ਛੋਟੀ ਜੇਹੀ ਉਮਰ ਵਿਚ ਵਡੇ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੇ ਪਿਆਰੇ ਬਣ ਗਏ । ਵਡੇ ਭਾਈ ਸਾਹਿਬ ਉਸਨੂੰ ਮੇਰਾ ਪਿਆਰਾ ਕਹਿ ਕੇ ਪੁਕਾਰਦੇ ਸਨ। ਅਸੀਂ ਕੁਝ ਸਿੰਘ ਉਸ ਗੁਰਮੁਖ ਸਰਬਲੋਹੀ ਪਾਸ ਜਾਇਆ ਕਰਦੇ ਤੇ ਉਨਾਂ ਕੋਲ ਕੀਰਤਨ ਦਾ ਅਨੰਦ ਮਾਣਿਆ ਕਰਦੇ। ਚੜ੍ਹਦੀ ਕਲ੍ਹਾ ਦੇ ਸਿੰਘ ਦਾ ਗੁਰਬਾਣੀ ਵਲ ਪ੍ਰੇਮ ਦੇਖ ਕੇ ਤੇ ਉਨਾਂ ਦੇ ਗੁਰੂ ਸਾਹਿਬ ਦੀ ਹਜ਼ੂਰੀ ਵਿਚ ਤੇ ਸੰਗਤ ਵਿਚ ਬੈਠਣ ਦੇ ਅਦਬ ਅਦਾਬ ਨੂੰ ਵੇਖ ਕੇ ਅਸੀਂ ਕਿਹਾ ਕਰਦੇ ਕਿ ਐਸਾ ਮਾਲੂਮ ਹੁੰਦਾ ਹੈ ਕਿ ਗੁਰੂ ਸਾਹਿਬਾਨ ਨੇ ਸਿਖੀ ਪ੍ਰੇਮ ਦਾ ਸਾਰਾ ਭੰਡਾਰਾ ਇਸ ਸਿਖ ਅਗੇ ਹੀ ਲੁਟਾ ਦਿਤਾ ਹੈ। ਉਨ੍ਹਾਂ ਦੇ ਬਚਨਾਂ ਨੂੰ ਅਸੀਂ ਗੁਰ-ਸਿਖੀ ਅਸੂਲ ਕਰਕੇ ਸਮਝਦੇ। ਮੈਨੂੰ ਅਜੇ ਅੰਮ੍ਰਿਤ ਦੀ ਦਾਤ ਦੀ ਪ੍ਰਾਪਤੀ ਦਾ ਸੁਭਾਗ ਪ੍ਰਾਪਤ ਨਹੀਂ ਸੀ ਹੋਇਆ ਤੇ ਅਜੇ ਮੈਂ ਛਕਣ ਦੀ ਤਿਆਰੀ ਹੀ ਕਰ ਰਿਹਾ ਸੀ। ਮੈਂ ਹੈਰਾਨਗੀ ਨਾਲ ਉਨਾਂ ਦੇ ਬਚਨ ਸੁਣ ਸੁਣ ਕੇ ਕੁਝ ਕੁ ਗੁਰਮਤਿ ਤੇ ਚਲਣ ਦੀ ਕੋਸ਼ਸ਼ ਕਰ ਰਿਹਾ ਸੀ। ਇਨ੍ਹਾਂ ਗੁਰਮੁਖਾਂ ਤੋਂ ਦਾਸ ਨੂੰ ਖ਼ਾਸ ਕਰਕੇ ਇਕ ਰਾਤ ਕੀਰਤਨ ਤੋਂ ਮਗਰੋਂ ਠਹਿਰਨ ਦਾ ਹੁਕਮ ਹੋਇਆ ਤੇ ਫਿਰ ਦਾਸ ਤੇ ਐਸੀ ਕ੍ਰਿਪਾ ਕੀਤੀ ਤੇ ਬਹੁ-ਮੁਲੇ ਬਚਨ ਕੀਤੇ ਜੋ ਗੁਰਸਿਖੀ ਲਈ ਚਾਨਣ-ਮੁਨਾਰਾ ਕਹੇ ਜਾ ਸਕਦੇ ਹਨ। ਇਹ ਗੁਰਮਤਿ ਗਿਆਨ ਵਾਹਿਗੁਰੂ ਦੀ ਦਾਤ ਹੈ ਜਦੋਂ ਚਾਹੇ ਵਾਪਸ ਲੈ ਲਵੇ ਤੇ 'ਅਜੇ ਸੋ ਨਾਉ ਸਮੁੰਦ ਮੈਂ ਕਿਆ ਜਾਨਾ ਕਿਆ ਹੋਇ' ਵਾਕ ਅਨੁਸਾਰ ਭੋਲੇ ਭਾਲੇ ਗੁਰਸਿਖ ਨੂੰ ਬੱਝ ਨੇ ਆ ਘੇਰਿਆ ਤੇ ਜਿਨਾਂ ਜਿਆਦਾ ਗੁਰਮੁਖ ਪਿਆਰੇ ਨੂੰ ਗੁਰਸਿਖੀ ਨਾਲ ਪਿਆਰ ਸੀ ਤੇ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੇ ਬਚਨਾਂ ਦਾ ਆਸ਼ਕ ਸੀ ਉਨਾਂ ਹੀ ਬੱਝ ਨੇ ਉਸਨੂੰ ਦੂਰ ਸੁਟ ਦਿਤਾ। ਉਹ ਸਿਖ 'ਕਾਠ ਕੀ ਪੁਤਲੀ ਕਿਆ ਕਰੇ ਬਪੁਰੀ ਖਿਲਾਵਨਹਾਰੋ ਜਾਨੈ' ਦੇ ਅਨੁਸਾਰ ਜ਼ਮਾਨੇ ਦੀਆਂ ਠੋਕਰਾਂ ਲਈ ਫੁਟਬਾਲ ਵਾਗੂੰ ਭਟਕਣ ਲਗਾ। ਉਹ ਭਟਕਦਾ ਭਟਕਦਾ, ਨ ਜਾਨੇ, ਕਿਥੇ ਕਿਥੇ ਗਿਆ ਤੇ ਕੀ ਕੀ ਕੀਤਾ, ਤੇ ਉਸ ਨਾਲ ਕੀ ਕੀ ਬੀਤੀ। ਉਹ ਆਪ ਹੈਰਾਨ ਸੀ ਕਿ ਇਹ ਸਭ ਕੁਝ ਬੇ-ਵਸਾ ਕੀ ਹੋ ਰਿਹਾ ਹੈ? ਇਹ ਬੱਝ ਦਾ ਹਮਲਾ ਉਸ ਉਤੇ ਉਸ ਜ਼ਾਲਮ ਦੁਸ਼ਮਨ ਦੇ



www.AKJ.Org

ਹਮਲੇ ਵਾਂਗੂੰ ਸੀ ਜੋ ਆਪਣੇ ਦੁਸ਼ਮਨ ਨੂੰ ਪਹਿਲੇ ਮਾਰ ਮਾਰ ਕੇ ਬੇਹੋਸ਼ ਕਰ ਲਵੇ, ਫਿਰ ਪਾਣੀ ਪਿਲਾ ਕੇ ਹੋਸ਼ ਵਿਚ ਲਿਆਵੇ, ਫੇਰ ਮਾਰ ਮਾਰ ਕੇ ਬੇਹੋਸ਼ ਕਰੇ ਫੇਰ ਪਾਣੀ ਪਿਲਾਵੇ ਤੇ ਇਸੇ ਤਰਾਂ ਕਰ ਕਰ ਕੇ ਅੰਤ ਵਿਚ ਅਤੀ ਦੁਖੀ ਕਰਕੇ ਮਾਰੇ।

ਜਦੋਂ ਕਦੀ ਵੀ ਉਸ ਗੁਰਸਿਖ ਨੂੰ ਹੋਸ਼ ਆਉਂਦੀ ਉਹ ਸੋਚਦਾ ਕਿ ਮੈਂ ਗਲਤੀ ਤੇ ਹਾਂ ਪਰ ਬੱਝ ਨੇ ਇਸਨੂੰ ਨਹੀਂ ਛਡਿਆ ਅਤੇ ਅੰਤ ਵਿਚ ਇਸਨੂੰ ਮੁਰਦਾ ਸਮਝ ਕੇ ਕੁਝ ਸਮੇਂ ਲਈ ਛਡ ਗਈ। ਉਸੇ ਗੁਰਸਿਖ ਦੀ ਅਰਦਾਸ ਨੇ ਉਸਨੂੰ ਫਿਰ ਸੁਰਜੀਤ ਕੀਤਾ ਅਤੇ ਉਹ ਸਿਖ ਗੁਰੂ-ਕਿਰਪਾ ਨਾਲ ਤੇ ਕੁਝ ਕੁ ਚੰਗੇ ਪੂਰਬਲੇ ਕਰਮਾਂ ਦੇ ਫਲਸਰੂਪ ਬੱਝ ਦੇ ਪੰਜੇ ਤੋਂ ਨਿਕਲ ਗਿਆ। ਜੋ ਕੋਈ ਵੀ ਉਸ ਗੁਰਸਿਖ ਬਾਰੇ ਸੁਣਦਾ ਤਰਸ ਕਰਦਾ ਤੇ ਅਰਦਾਸੇ ਕਰਦਾ। ਮੈਂ ੧੨ ਸਾਲ ਮਗਰੋਂ ਉਸਦੇ ਘਰ ਗਿਆ। ਮਿਲਾਪ ਹੋਣ ਮਗਰੋਂ ਦੋ ਦਿਨ ਉਸਦੇ ਘਰ ਰਿਹਾ, ਇਸ ਦੌਰਾਨ ਵਿਚ ਉਹ ਸਿਖ ਇਤਨਾ ਰੋਇਆ, ਇਤਨਾ ਰੋਇਆ ਕਿ ਮੈਂ ਹੈਰਾਨ ਸਾਂ ਕਿ ਇਤਨਾ ਸਖ਼ਤ ਸਦਮਾਂ ਉਸਨੇ ਕਿਵੇਂ ਬਰਦਾਸ਼ਤ ਕੀਤਾ। ਹੁਣ ਫਿਰ ਉਸ ਗੁਰਸਿਖ ਉਤੇ ਗੁਰੂ ਦੀ ਕਿਰਪਾ ਹੈ ਅਤੇ ਆਸ ਹੈ ਕਿ ਕੁਝ ਚਿਰ ਮਗਰੋਂ ਫੇਰ ਉਹ ਉਸੇ ਹਾਲਤ ਤੇ ਆ ਜਾਏਗਾ ਪਰ ਘਾਲਣਾ ਦੀ ਜ਼ਰੂਰਤ ਹੈ। ਹੁਣ ਉਸਦੀ ਹਾਲਤ ਇਕ ਐਸੇ ਮਨੁਖ ਦੀ ਤਰਾਂ ਹੈ ਜਿਸਨੇ ਪਹਿਲਾਂ ਗੁਰਮਤਿ ਦਾ ਸਮਾਂ ਸੁਫਨੇ ਵਿਚ ਕਟਿਆ ਹੋਵੇ ਤੇ ਜਾਗਣ ਤੇ ਕੁਝ ਕੁਝ ਸੁਫਨੇ ਦੇ ਹਾਲਾਤ ਉਸ ਨੂੰ ਯਾਦ ਹੋਣ। ਗੁਰੂ ਮਿਹਰ ਕਰੇ, ਤੇ ਬੱਝ ਦੀ ਐਸੀ ਚਪੇੜ ਤੋਂ ਬਚਾਈ ਰਖੇ। ਜਿੰਨੀ ਜ਼ਿਆਦਾ ਚੜ੍ਹਦੀ ਕਲਾ ਦਾ ਸਿਖ ਸੀ ਓਨੀ ਹੀ ਜ਼ਬਰਦਸਤ ਬੱਝ ਦੀ ਚੋਟ ਲਗੀ। ਛੋਟੀ ਛੋਟੀ ਆਤਮਕ ਦਸ਼ਾ ਵਾਲਿਆਂ ਲਈ ਤਾਂ ਬੱਝ ਦੇ ਛੋਟੇ ਛੋਟੇ ਹਮਲੇ ਹੀ ਕਾਫ਼ੀ ਹਨ! ਕੁਝ ਵਿਚਾਰੇ ਭੋਲੇ ਭਾਲੇ ਸਿਖ ਇਸ ਦੇ ਪੰਜੇ ਵਿਚ ਫਸਕੇ ਐਸਾ ਭਟਕਦੇ ਹੀ ਰਹਿੰਦੇ ਹਨ। ਗੁਰਸਿਖੀ ਮਾਰਗ ਖੰਡੇ ਦੀ ਧਾਰ ਵਰਗਾ ਹੈ 'ਕੋਈ ਵਿਰਲਾ ਗੁਰਮਤਿ ਚਲੈ ਜੀਉ॥' ਸੋ ਮਨੁਖ ਦੀ ਆਤਮਕ ਦਸ਼ਾ ਦੇ ਉਤਾਰ ਚੜ੍ਹਾਉ (Rise and Fall) ਦਾ ਨਾਉ ਬੱਝ ਹੈ।

ਫਿਰ ਇਹ ਬੱਝ ਕਦੀ ਕਦੀ ਉਸ ਵੇਲੇ ਆਉਂਦੀ ਹੈ ਜਦੋਂ ਕਿ ਮਨੁਖ ਹਰ ਰੋਜ਼ ਬੜੇ ਪ੍ਰੇਮ ਨਾਲ ਨਿਤ ਨੇਮ ਤੇ ਸਿਮਰਨ ਤੇ ਗੁਰਬਾਣੀ ਵਿਚਾਰ ਕਰਦਾ ਹੋਇਆ ਇਕ ਦਮ ਪਾਠ, ਸਿਮਰਨ ਤੇ ਗੁਰਬਾਣੀ ਵਿਚਾਰ ਵਿਚ ਬੇਰਸੀ ਅਨੁਭਵ ਕਰਨ ਲਗ ਪੈਂਦਾ ਹੈ ਅਤੇ ਉਦੋਂ ਜੇ ਕਰ ਇਕ ਅਧ ਕੰਮ ਇਸਦੀ ਮਰਜ਼ੀ ਦੇ ਖਿਲਾਫ ਹੋ ਜਾਏ ਤਾਂ ਬਸ ਫੇਰ ਸ਼ਰਧਾ ਵੀ ਖਤਮ ਹੋ ਜਾਂਦੀ ਹੈ ਤੇ ਫਿਰ ਇਸ ਦੇ ਦਿਲ ਵਿਚ ਇਹ ਵਿਚਾਰ ਆਉਣ ਲਗ ਪੈਂਦਾ ਹੈ ਕਿ ਭਗਤੀ ਵਗਤੀ ਸਭ ਬੇਕਾਰ ਹੈ ਅਤੇ ਅੰਤ ਵਿਚ ਉਹ ਮਨੁਖ ਆਤਮਾਂ ਦੀ ਖੜ੍ਹ ਜਾਣ ਵਾਲੀ (Stand still) ਹਾਲਤ ਵਿਚ ਆ ਜਾਂਦਾ ਹੈ। ਉਥੋਂ ਜੇ ਉਹ ਇਹ ਸਾਰੀਆਂ ਗਲਾਂ ਹੁੰਦਿਆਂ ਹੋਇਆਂ ਅਪਨੇ ਧੁਰੇ ਤੇ ਕਾਇਮ ਰਿਹਾ ਤਾਂ ਤੇ ਬੱਝ ਵਿਚੋਂ ਨਿਕਲ ਜਾਵੇਗਾ ਨਹੀਂ ਤਾਂ ਬੱਝ ਵਿਚ ਹੀ ਬਝ ਜਾਵੇਗਾ ਅਤੇ ਸਭ ਕੁਝ ਲੁਟਾ ਦੇਵੇਗਾ। ਇਹ ਧਰਮ ਦਾ ਰਸਤਾ ਕੰਡਿਆਂ ਦੀ ਸੇਜ ਕਿਉਂ ਹੈ? ਇਸ ਵਾਸਤੇ ਕਿ ਕਦਮ ਕਦਮ ਤੇ ਰੁਕਾਵਟ, ਤੇ ਕਦਮ ਕਦਮ ਤੇ ਇਸ ਤੋਂ ਗਿਰਨ ਦਾ ਡਰ ਰਹਿੰਦਾ ਹੈ।

ਗੁਰੂ ਸਾਹਿਬਾਨ ਦੀ ਹਜ਼ੂਰੀ ਵਿਚ ਬੈਠੇ ਹੋਇ ਜਦੋਂ ਕੋਈ ਸਿਖ ਹੁਕਮਨਾਮਾ ਲੈ ਰਿਹਾ ਹੁੰਦਾ ਹੈ ਤਾਂ ਜੇ ਦਿਲ ਵਿਚ ਇਹ ਖਿਆਲ ਆਵੇ ਕਿ ਹੁਕਮਨਾਮਾ ਛੋਟਾ ਜਿਹਾ ਹੋਵੇ ਲੰਮਾ ਨਾ ਹੋਵੇ ਤਾਂ ਸਮਝੋ ਇਹ ਵੀ ਬੱਝ ਦਾ ਹੀ ਸਾਇਆ ਹੈ। ਫਿਰ ਜੇ ਸਿਖ ਆਪ ਵਾਕ ਨ ਲੈ ਰਿਹਾ ਹੋਵੇ ਆਪ ਹੁਕਮਨਾਮਾ ਸੁਣ ਰਿਹਾ ਹੋਵੇ ਅਤੇ ਹੁਕਮਨਾਮਾ ਸੁਣਦੇ ਸੁਣਦੇ ਦੇਰ ਹੋ ਜਾਵੇ ਤਾਂ ਇਸਦੇ ਦਿਲ ਵਿਚ ਤਲਮਲਾਹਟ (ਕਾਹਲੀ) ਜੇਹੀ ਪੈਦਾ ਹੋਣ ਲਗੇ ਤਾਂ ਫੇਰ ਇਹ ਵੀ ਬੱਝ ਦਾ ਸਾਇਆ ਹੀ ਸਮਝੋ। ਭਲਾ ਮਨ ਤੋਂ ਕੋਈ ਪੁਛੇ ਕਿ ਤੂੰ ਗੁਰੂ ਸਾਹਿਬਾਨ ਦੀ ਹਜ਼ੂਰੀ ਛਡਕੇ ਹੋਰ ਕੇਹੜੀ ਚੰਗੀ ਥਾਂ ਤੇ ਜਾਣ ਲਈ ਉਤਾਵਲਾ ਹੋ ਰਿਹਾ ਹੈਂ। ਐਸੇ ਸਮੇਂ ਤੇ ਆਪਨੇ ਆਪ ਨੂੰ ਮਨੁਖ ਗਿਆਨ ਖੜਗ ਨਾਲ ਕਾਬੂ ਕਰੇ ਅਤੇ ਮਨ ਹੀ ਮਨ ਵਿਚ 'ਵਾਹਿਗੁਰੂ' ਮੰਤ੍ਰ ਦੀ ਰਟ ਜ਼ੋਰ ਜ਼ੋਰ ਨਾਲ ਲਗਾਵੇ ਤਾਂ ਫਿਰ ਐਸੇ ਵਿਚਾਰ ਆਉਣੇ ਬੰਦ ਹੋ ਜਾਣਗੇ। 'ਗਿਆਨ ਕਾ ਬਧਾ ਮਨ ਰਹੈ ਗੁਰ ਬਿਨ ਗਿਆਨ ਨ ਹੋਇ॥'

ਗੁਰਸਿਖਾਂ ਤੇ ਸਿੰਘਣੀਆਂ ਦੇ ਦਰਸ਼ਨ ਕਰਨ ਲਈ ਮਨੁਖ ਬਹੁਤ ਸ਼ਰਧਾਵਾਨ ਹੁੰਦਾ ਹੈ ਅਤੇ ਆਪਣੇ ਆਪ ਨੂੰ ਸੁਭਾਗਾ ਸਮਝਦਾ ਹੈ, ਕਿਉਂ ਜੋ :—


www.AKJ.Org

ਜੇਵਡ ਭਾਗ ਹੋਵਹਿ ਵਡ ਮੇਰੇ
ਜਨ ਮਿਲਦਿਆ ਢਿਲ ਨ ਲਾਈਐ ॥
ਹਰਿ ਜਨ ਅੰਮ੍ਰਿਤ ਕੁੰਟ ਸਰ ਨੀਕੇ
ਵਡ ਭਾਗੀ ਤਿਤੁ ਨਾਵਾਈਐ ॥

ਗੁਰਸਿਖਾਂ ਦੇ ਦਰਸ਼ਨ ਵਡੇ ਭਾਗਾਂ ਨਾਲ ਹੁੰਦੇ ਹਨ ਪਰ ਜੇ ਉਸ ਵੇਲੇ ਮੰਦੇ ਭਾਗਾਂ ਨਾਲ ਸਾਡੇ ਉਤੇ ਚਿਰਮ ਦ੍ਰਿਸ਼ਟੀ ਪਰਬਲ ਹੋ ਜਾਵੇ ਤਾਂ ਫ਼ਿਰ ਇਹ ਵੀ ਬੱਝ ਦਾ ਸਾਇਆ ਹੀ ਸਮਝੋ । ਕਦੀ ਕਦੀ ਆਦਮੀ ਰਹਿਤਾਂ ਤੋਂ ਉਪਰਾਮਤਾ ਦਾ ਅਨੁਭਵ ਕਰਨ ਲਗ ਪੈਂਦਾ ਹੈ ਤੇ ਉਸਦਾ ਸਤਿ ਸੰਗਤਿ ਵਿਚ ਦਿਲ ਨਹੀਂ ਲਗਦਾ । ਮਨ ਦੇ ਵਸ ਵਿਚ ਆ ਕੇ ਆਪਣੇ ਆਪਨੂੰ ਧੋਖਾ ਦੇਣ ਲਈ ਇਹ ਕਹਿ ਕੇ ਕਿ ਜ਼ਰਾ ਹਵਾ ਖੋਰੀ ਕਰ ਆਵਾਂ, ਕੁਝ ਥਕੇਵਾਂ ਉਤਾਰ ਆਵਾਂ, ਸੰਗਤਿ ਤੋਂ ਬਾਹਰ ਚਲਾ ਜਾਂਦਾ ਹੈ ਤੇ ਆਕੜ ਕੇ ਸੰਗਤਿ ਦੇ ਪਿਛੇ ਕੰਧ ਨਾਲ ਖੜੋ ਜਾਂਦਾ ਹੈ ਤੇ ਕਦੀ ਕਦੀ ਫੇਰ ਉਥੇ ਹੀ ਗਪ ਸ਼ੜੱਪ ਵੀ ਕਰਨ ਲਗ ਪੈਂਦਾ ਹੈ ਤੇ ਆਪਣੇ ਦਿਮਾਗ ਦੀ ਉਹ ਗੁਰਮਤਿ ਰਸ ਲੜੀ ਟੁਟ ਜਾਣ ਦੀ ਪਰਵਾਹ ਨਹੀਂ ਕਰਦਾ । ਤੇ ਹੋਰ ਵੀ ਵੇਖੋ, ਕਿਸੇ ਸਿਧੇ ਸਾਧੇ ਭੋਲੇ ਭਾਲੇ ਸਿਖ ਨੂੰ ਪਾਠ ਕਰਦਾ ਦੇਖ ਕੇ ਮਨ ਵਿਚ ਉਸਦੇ ਪਾਖੰਡੀ ਹੋਣ ਦਾ ਵਿਚਾਰ ਵੀ ਲੈ ਆਉਂਦਾ ਹੈ ਤਾਂ ਫਿਰ ਇਹ ਵੀ ਬੱਝ ਦਾ ਸਾਇਆ ਹੀ ਸਮਝੋ । ਕੋਈ ਸਿਖ ਦੂਜਿਆਂ ਨੂੰ ਨਾਮ ਬਾਣੀ ਵਿਚ ਲਗੇ ਹੋਏ ਦੇਖ ਕੇ ਕਦੀ ਵੀ ਨਫਰਤ ਨਾ ਕਰੇ ਤੇ ਨਾ ਐਸਾ ਸੋਚੇ । ਕੀ ਪਤਾ ਵਾਹਿਗੁਰੂ ਦੀ ਇਸ ਉਤੇ ਬਖਸ਼ਿਸ਼ ਹੀ ਹੋਈ ਹੋਈ ਹੋਵੇ ।

ਨਿਹਾਇਤ ਹੀ ਸ਼ੁਭ ਸਮੇਂ ਜਦੋਂ ਕਿ ਸਿਖ ਆਪਨੇ ਆਪ ਨੂੰ ਆਤਮਕ ਰੰਗਣ ਵਿਚ ਮਹਿਸੂਸ ਕਰਦਾ ਹੈ ਉਸ ਵੇਲੇ ਇਹ ਬੇ-ਹਯਾ, ਬੇ-ਸ਼ਰਮ ਤੇ ਬੇ-ਦਰਦ ਬੱਝ ਆ ਸ਼ਕਲ ਵਿਖਾਂਦੀ ਹੈ ਅਤੇ ਸਾਰਾ ਮਜ਼ਾ ਕਿਰ-ਕਿਰਾ ਕਰ ਦੇਂਦੀ ਹੈ । ਇਹ ਸਿਖ ਦੀ ਬਦ-ਕਿਸਮਤੀ ਦੀ ਨਿਸ਼ਾਨੀ ਹੈ । ਉਸ ਹਾਲਤ ਤੇ ਕੇਹਾ ਸੋਹਣਾ ਮਹਾਵਾਕ ਢੁਕਦਾ ਹੈ —

ਤਤੀ ਤੋਇ ਨ ਪਲਰੇ ਜੇ ਜਲ ਟੁਬੀ ਦੇਇ ॥
ਜੇ ਦੋਹਾਗਨ ਰਬ ਦੀ ਝੂਰੇਂਦੀ ਝੂਰੇਹ ॥

ਇਸ ਬੱਝ ਦੇ ਅਸਰ ਥਲੇ ਮਨੁਖ, ਸਾਧ ਸੰਗਤਿ ਤੇ ਗੁਰਸਿਖਾਂ ਦੇ ਹਲਕੇ ਵਿਚ ਹੁੰਦਿਆਂ ਹੋਇਆਂ ਵੀ ਆਤਮਕ ਲਾਭ ਤੋਂ ਖਾਲੀ ਰਹਿ ਜਾਂਦਾ ਹੈ ਤੇ 'ਇਕ ਜਾਗੰਦੇ ਨ ਲਹਿਨ ਇਕਨਾ ਸੁਤਿਆਂ ਦੇ ਉਠਾਲ' ਵਾਲਾ ਮਾਮਲਾ ਬਣ ਜਾਂਦਾ ਹੈ ।

ਅਰਦਾਸ ਕਰੋ, ਗੁਰ ਸਿਖੋ ! ਕਿ ਇਹੋ ਜਿਹੀ ਨਾ-ਮੁਰਾਦ ਬੱਝ ਨੂੰ ਵਾਹਿਗੁਰੂ ਸਭ ਤੋਂ ਦੂਰ ਹੀ ਰਖੇ !


**ਦਮੇਂ ਦੇ ਭਿਆਨਕ ਰੋਗ ਤੋਂ ਛੁਟਕਾਰਾ ਪਾਓ**

**ਦਮਾਂ, ਸਾਹ ਦਾ ਚੜ੍ਹਨਾ, ਬਲਗਮੀ ਖਾਂਸੀ, ਨਜ਼ਲਾ-ਜ਼ੁਕਾਮ, ਕਾਲੀ ਖਾਂਸੀ**
ਦਾ ਪੂਰਾ ਇਲਾਜ ਅਜ਼ਮਾਇਸ਼ੀ ਨੁਸਖ਼ਿਆਂ ਨਾਲ ਕੀਤਾ ਜਾਂਦਾ ਹੈ । ਇਸ ਲਈ ਹੁਣ
**ਦਮੇਂ ਦੇ ਰੋਗੀਆਂ ਨੂੰ ਨਿਰਾਸ਼ ਹੋਣ ਦੀ ਲੋੜ ਨਹੀਂ**
ਬੜੀ ਖੋਜ ਤੋਂ ਬਾਅਦ ਇਸਦਾ ਇਲਾਜ ਮਿਲ ਗਿਆ ਹੈ ਜਿਹੜਾ ਦਮੇਂ ਨੂੰ ਜੜ੍ਹ ਤੋਂ ਖਤਮ ਕਰ ਦਿੰਦਾ ਹੈ । ਇਕ ਵਾਰ ਜ਼ਰੂਰ **ਅਜ਼ਮਾਓ ਅਤੇ ਤੰਦਰੁਸਤੀ ਹਾਸਲ ਕਰੋ ।**
ਹੇਠ ਲਿਖੇ ਪਤੇ ਤੇ ਲਿਖੋ ਜਾਂ ਮਿਲੋ ।
ਪਤਾ ;— **ਕਟਾਰੀਆ ਸ਼ਫ਼ਾਖਾਨਾ,** ਪੀਲੀ-ਸੜਕ, ਰਾਘੋਮਾਜਰਾ, ਪਟਿਆਲਾ ।




www.AKJ.Org

# ਕੌਮ ਦੇ ਲੀਡਰਾਂ ਨੂੰ

( ਭਾਈ ਮਨਮੋਹਨ ਸਿੰਘ ਜੀ ਬੁਤਾਲਾ )

ਗੁਰੂ ਗੋਬਿੰਦ ਸਿੰਘ ਜੀ ਨੇ 13 ਅਪ੍ਰੈਲ 1699 ਦੀ ਵਿਸਾਖੀ ਨੂੰ ਜਦੋਂ ਖਾਲਸਾ ਪੰਥ ਸਾਜਿਆ ਸੀ ਤਾਂ ਸਾਰੇ ਧਰਮਾਂ ਤੋਂ ਨਿਆਰਾ ਹੀ ਕੌਤਕ ਕੀਤਾ, ਇਸ ਦੀ ਰਚਨਾ ਕਰਨ ਲਗੇ ਸਭ ਤੋਂ ਨਿਆਰਾ ਹੀ ਰਹਿਣ ਲਈ ਆਗਿਆ ਕੀਤੀ ਅਤੇ ਕਿਹਾ ਕਿ ਖਾਲਸੇ ਉਤੇ ਕੋਈ ਭੂਤ ਪਰੇਤ, ਕੋਈ ਸਖ਼ੀ ਸਰਵਰ, ਦੇਵੀ ਦੇਵਤਾ, ਵੱਡ-ਵਡੇਰਾ ਜਾਂ ਹੋਰ ਏਹੋ ਜਹੀਆਂ ਸ਼ਕਤੀਆਂ ਵਾਰ ਨਹੀਂ ਕਰ ਸਕਦੀਆਂ, ਕੋਈ ਜਾਦੂ ਟੂਣਾਂ ਕੋਈ ਜੰਤਰ-ਮੰਤਰ ਇਸ ਤੇ ਨਹੀਂ ਚਲ ਸਕਦਾ, ਇਸ ਨੇ ਇਕ ਅਕਾਲ ਪੁਰਖ ਤੋਂ ਬਿਨਾਂ ਕਿਸੇ ਦੀ ਪੂਜਾ ਨਹੀਂ ਕਰਨੀ, ਐਵੇਂ ਜਗ੍ਹਾ ਜਗ੍ਹਾ ਜਾ ਕੇ ਮੱਥੇ ਨਹੀਂ ਰਗੜਦੇ ਰਹਿਣਾ ਇਕ ਸਤਿਗੁਰੂ ਦੇ ਹੁਕਮਾਂ ਅਨੁਸਾਰ ਆਪਣੀ ਜ਼ਿੰਦਗੀ ਬਤੀਤ ਕਰਨੀ ਹੈ ਕਿਉਂਕਿ ਗੁਰਬਾਣੀ ਦੇ ਆਸਰੇ ਤੋਂ ਬਿਨ੍ਹਾਂ ਹੋਰ ਤਾਂ ਆਸਰਾ ਉਨ੍ਹਾਂ ਦਸਿਆ ਹੀ ਨਹੀਂ ?

'ਗੁਰਬਾਣੀ ਇਸੁ ਜਗ ਮਹਿ ਚਾਨਣੁ
ਕਰਮਿ ਵਸੈ ਮਨਿ ਆਇ ॥

ਗੁਰੂ ਜੀ ਸਾਨੂੰ ਇਨ੍ਹਾਂ ਸੌਖਾ ਰਾਹ ਦਸਿਆ ਹੈ ਬਾਕੀ ਧਰਮਾਂ ਵਲ ਵੇਖੀਏ ਉਨ੍ਹਾਂ ਦਾ ਤਾਂ ਕੋਈ ਨਾ ਕੋਈ ਦੇਵਤੇ ਦਾ ਭੋਜਣ ਦਾ ਦਿਨ ਆਇਆ ਹੀ ਰਹਿੰਦਾ ਹੈ ਕਈ ਬੰਦਸ਼ਾਂ ਹੁੰਦੀਆਂ ਹਨ ਅਜ ਮੰਗਲ ਦੇਵਤਾ ਹੈ ਅਜ ਕਾਦਸੀ ਹੈ ਹੁਣ ਇਹ ਜੇਠ ਮਹੀਨਾ ਆਉਣ ਤੇ ਹਿੰਦੂ ਤੀਵੀਆਂ ਵੇਖੀਦੀਆਂ ਹਨ ਉਹ ਜੇਠ ਨੂੰ ਮੰਨਦੀਆਂ ਹਨ ਮੈਂ ਜ਼ਿਆਦਾ ਨਾ ਲਿਖਦਾ ਹੋਇਆ ਕਿ ਸਿਖ ਧਰਮ ਤੋਂ ਬਗੈਰ, ਬਾਕੀ ਸਾਰੇ ਧਰਮਾਂ ਵਿਚ ਸ਼ਾਂਤੀ ਤਾਂ ਕੀ ਹੋਣੀ ਹੈ। ਮੁਕਤੀ ਤਾਂ ਕੀ ਮਿਲਣੀ ਹੈ। ਵਹਿਮ ਪਰਸਤੀ ਇਤਨੀ ਹੈ ਕਿ ਵੇਖਕੇ ਹੈਰਾਨ ਹੋ ਜਾਈਦਾ ਹੈ ਖਾਸ ਤੌਰ ਤੇ ਹਿੰਦੂ ਮਤ ਜਿਨਾ ਛੂਤਛਾਤ ਤਾਂ ਕਿਤੇ ਭੀਨਹੀਂ ਹੋ ਸਕਦਾ। ਈਰਖਾ ਇਤਨੀ ਕਿ ਹਾਇ, ਸਾਡੇ ਨਜ਼ਦੀਕ ਸਿਖ ਕਰਾਏ ਤੇ ਰਹਿਣ ਲਈ ਭੀ ਕਿਉਂ ਆ ਗਏ, ਇਹ ਤਾਂ ਬਹੁਤ ਜ਼ਾਲਮ ਹੁੰਦੇ ਹਨ। ਉਹ ਗੁਰੂ ਨਾਨਕ ਦੇ ਸਿਖ,ਉਸਦੀ ਲਗਾਈ ਹੋਈ ਬਗੀਚੀ ਦਸਮੇਸ਼ ਪਿਤਾ ਦੇ ਲਾਲਾਂ ਦਾ ਪਿਆ ਖੂਨ ਜਿਸ ਨਾਲ ਇਹ ਭਰ ਜੋਬਨ ਵਿਚ ਟਹਿਕ ਪਈ, ਪਰ ਇਸ ਟਹਿਕੀ ਹੋਈ ਬਗੀਚੀ ਨੂੰ (ਸਿਖ ਧਰਮ ਨੂੰ) ਇਨ੍ਹਾਂ ਦਾ ਹੀ ਬਾਣਾ ਪਾ ਕੇ ਕੋਈ ਉਜਾੜਨਾ ਚਾਹੁੰਦਾ ਹੈ ਇਸ ਦੀ ਸ਼ਾਨ ਵਿਚ ਫ਼ਰਕ ਪਾਉਣਾ ਚਾਹੁੰਦਾ ਹੈ ਅਜ ਦੇ ਸਿਖ ਸਿਆਸੀ ਲੀਡਰਾਂ ਨੇ ਤਾਂ ਇਸ ਕੌਮ ਦੀ ਤਬਾਹੀ ਤੇ ਹੀ ਲੱਕ ਬੰਨ੍ਹ ਲਿਆ ਹੈ ਵੋਟਾਂ ਵੇਲੇ ਖੁਲ੍ਹੇ ਦਾੜੇ ਉਤੋਂ ਦੀ ਸ੍ਰੀ ਸਾਹਿਬ ਤੇ ਹਥਾਂ ਵਿਚ ਮਾਲਾ ਤੇ ਪੰਥ ਦਾ ਨਾਮ ਲੈ ਕੇ ਗਲੀਆਂ, ਬਾਜ਼ਾਰਾਂ, ਮਹਲਿਆਂ ਵਿਚ ਕੂਕਾਂ ਮਾਰਨੀਆਂ ਪੰਥ ਦੇ ਨਾਮ ਤੇ ਵੋਟਾਂ ਦਿਓ ਕਾਮਯਾਬ ਹੋਕੇ ਅਸੀਂ ਕੌਮ ਦਾ ਨਾਮ



www.AKJ.Org

ਉਚਾ ਕਰਾਂਗੇ। ਅਸੀਂ ਦਸਮੇਸ਼ ਦੇ ਪੂਰਨਿਆਂ ਤੇ ਚਲਦੇ ਹੋਏ ਲੀਡਰੀ ਨਿਭਾਵਾਂਗੇ। ਇਸ ਤਰ੍ਹਾਂ ਡੀਗਾਂ ਮਾਰਕੇ ਲੋਕਾਂ ਵਿਚ ਪੰਥ ਦਾ ਨਾਮ ਵੇਚਦੇ ਹੋਏ ਕਾਮਯਾਬ ਹੋ ਜਾਂਦੇ ਹਨ ਜਦ M.L.A. ਜਾਂ ਏਹੋ ਜਿਹਾ ਹੋਰ ਕੋਈ ਉਮੀਦਵਾਰ ਜਾਂਦੇ ਹਨ ਤਾ ਲੋਕਾਂ ਨੂੰ ਤਾਂ ਕੀ ਸਮਝਾਉਣਾ ਹੈ ਆਪ ਹੀ ਹਰ ਵਕਤ ਸ਼ਰਾਬ ਦੇ ਦੌਰ ਵਿਚ ਮਸਤ ਰਹਿਣ ਲਗ ਪੈਂਦੇ ਹਨ ਅਤੇ ਇਲਾਕੇ ਦੇ ਸਾਰੇ ਗੁੰਡਿਆਂ ਨੂੰ ਆਪਣੇ ਨਜ਼ਦੀਕੀ ਬਣਾ ਲੈਂਦੇ ਹਨ, ਬਸ ਫੇਰ ਕੋਈ ਉਨ੍ਹਾਂ ਦੀ ਵਾ ਵਲ ਨਹੀਂ ਵੇਖ ਸਕਦਾ ਪੰਜ ਸਾਲਾਂ ਵਿਚ ਰਿਸ਼ਤੇਦਾਰ ਭੀ ਸਰਮਾਏਦਾਰ ਹੋ ਗਏ ਉਹ ਨਜ਼ਦੀਕੀ ਗੁੰਡੇ ਭੀ ਅਮੀਰ ਬਣ ਗਏ ਦੂਜੀ ਇਲੈਕਸ਼ਨ ਵਿਚ ਤਾਂ ਉਨ੍ਹਾਂ ਨੂੰ ਕੋਈ ਹਰਾ ਹੀ ਨਹੀਂ ਸਕਦਾ ਕਿਉਂਕਿ ਪੈਸਾ ਤੇ ਚੌਧਰ ਇਤਨੀ ਵਧ ਚੁਕੀ ਹੈ ਕਿ ਹਰ ਤਰੀਕੇ ਨਾਲ ਉਹ ਕਾਮਯਾਬ ਹੀ ਹੋਣਗੇ, ਕਿਉਂਕਿ ਕਲਜੁਗ ਦੇ ਲਛਨ ਭੀ ਕੁਝ ਏਹੋ ਜਹੇ ਹਨ।

ਇਲਤਿ ਕਾ ਨਾਉ ਚਉਧਰੀ ਕੂੜੀ ਪੂਰੇ ਥਾਉ ॥
ਨਾਨਕ ਗੁਰਮੁਖਿ ਜਾਣੀਐ ਕਲਿ ਕਾ ਏਹੁ ਨਿਆਉ ॥

ਕੌਮ ਦੇ ਜਥੇਦਾਰ ਅਖਵਾਉਣ, ਤੇ ਪੀਣ ਸ਼ਰਾਬਾਂ, ਉਹ ਭੀ ਗੁਰਦੁਆਰਿਆਂ ਵਿਚ?

ਜਥੇਦਾਰ:—ਉਇ ਗਿਆਨੀ ਉਰੇ ਆ ਗ੍ਰੰਥੀ ਸਿੰਘ ਦੌੜਕੇ ਆ ਜਾਂਦਾ ਹੈ ਤੇ ਹੱਥ ਜੋੜਕੇ ਖਲੋ ਜਾਂਦਾ ਹੈ ਕਿ ਹਜ਼ੂਰ ਕੀ ਹੁਕਮ ਹੈ। ਆਹ ਲੈ ਪੰਜ ਰੁਪੈ ਤੇ ਇਕ ਕੁਕੜ ਕਿਤੋਂ ਲਭਕੇ ਲਿਆ ਕੁਕੜ ਲੈ ਕੇ ਰਖ ਨਾ ਛਡੀਂ, ਇਸ ਨੂੰ ਛਿਲ ਛਲ ਕੇ ਸਾਫ ਕਰਕੇ ਉਤੇ ਚੁਬਾਰੇ ਵਿਚ ਹੀ ਲੈ ਆ। ਏਨਾਂ ਕੰਮ ਕਰੇਂਗਾ ਅਗੇ ਹੋਰ ਫੇਰ ਦਸਾਂਗਾ।

ਗਰੰਥੀ ਜੀ:—ਅਜ ਸਵੇਰੇ ਜਦੋਂ ਤੁਸੀਂ ਇਕ ਪਾਰਟੀ ਤੇ ਗਏ ਹੋਏ ਸੀ ਤਾਂ ਇਕ ਤਿਆਰ ਬਰ ਤਿਆਰ ਸਿੰਘ ਆਇਆ ਸੀ ਤੇ ਕਹਿੰਦਾ ਸੀ ਕਿ ਮੈਂ ਸ਼ਾਮ ਨੂੰ ਫੇਰ ਆਵਾਂਗਾ।

ਜਥੇਦਾਰ:—(ਗੁਸੇ ਨਾਲ) ਇਕ ਤਾਂ ਇਹੋ ਜਿਹੇ ਸਚੇ ਜਿਹੇ ਸਿੰਘ ਹੀ ਨਹੀਂ ਛਡਦੇ ਜਦੋਂ ਖਾਣ ਪੀਣ ਦਾ ਟਾਇਮ ਹੁੰਦਾ ਹੈ, ਇਹ ਕੁਝ ਵੀ ਨਾ ਖਾਣ ਪੀਣ ਵਾਲੇ ਆਦਮੀ ਆ ਕੇ ਸਗੋਂ ਸੜਦੇ ਹਨ। ਆਪਣੀ ਤਾਂ ਏਹਨਾਂ ਦੀ ਕਿਸਮਤ ਵਿਚ ਨਹੀਂ, ਪਰ ਇਹ ਦੂਜਿਆਂ ਨੂੰ ਭੀ ਵੇਖ ਕੇ ਨਫਰਤ ਕਰਦੇ ਹਨ। ਗਰੰਥੀ ਨੂੰ ਅੱਛਾ, ਜਦੋਂ ਤੂੰ ਪਾਠ ਕਰੇਂਗਾ ਉਸ ਨੇ ਪਹਿਲਾਂ ਗੁਰਦੁਆਰੇ ਮਥਾ ਟੇਕਣ ਆਉਣਾ ਈ, ਉਥੇ ਹੀ ਉਸ ਨੂੰ ਕਹਿ ਦੇਣਾ ਕਿ ਏਨੀ ਜਲਦੀ ਕੰਮ ਨਹੀਂ ਹੁੰਦੇ ਜਥੇਦਾਰ ਜੀ ਤੇਰੇ ਕੰਮ ਲਈ ਦੋ ਵਾਰ ਚੰਡੀਗੜ੍ਹ ਜਾ ਆਏ ਹਨ ਹੁਣ ਤੈਨੂੰ ਆਪ ਹੀ ਦੋ ਕੁ ਦਿਨ ਤਕ ਪਤਾ ਦੇਣਗੇ ਅਜ ਉਨ੍ਹਾਂ ਦੀ ਤਬੀਅਤ ਕੁਝ ਖ਼ਰਾਬ ਹੈ ਇਸ ਕਰਕੇ ਉਹ ਚੁਬਾਰੇ ਵਿਚ ਹੀ ਅਰਾਮ ਕਰਦੇ ਹਨ ਡਾਕਟਰ ਨੇ ਬੋਲਣਾ ਮਨਾਂ ਕੀਤਾ ਹੈ ਇਸ ਤਰ੍ਹਾਂ ਕਹਿਕੇ ਉਸ ਨੂੰ ਘਲ ਦੇਣਾ ਐਵੇਂ ਰੰਗ ਵਿਚ ਭੰਗ ਪਾਉਂਦਾ ਹੈ। ਹਾਂ ਸੱਚ ਯਾਦ ਆ ਗਿਆ, ਸ਼ਾਮੂ ਹਲਵਾਈ ਨੂੰ ਕਹੀਂ ਕਿ ਜੇ ਅਜ ਤੇਰੇ ਕੋਲ ਗੁਰਦਾਸਾ ਦੋਧੀ ਆਵੇ ਤਾਂ ਉਸਨੂੰ ਕਹਿ ਦੇਣਾ ਕਿ ਤੈਨੂੰ ਜਥੇਦਾਰ ਹੁਰੀਂ ਯਾਦ ਕਰਦੇ ਹਨ, ਏਨੇ ਚਿਰ ਨੂੰ ਇਕ ਚਾਲੀ ਸਾਲ ਦਾ ਆਦਮੀ ਜਿਸ ਨੇ ਅਜੇ ਨਵਾਂ ਭੀ ਨਾਈ ਨੂੰ ਪੈਸੇ ਦੇਕੇ ਦਾੜ੍ਹੀ ਕਟਾਈ ਹੈ ਮੁਛਾਂ ਤਿਖੀਆਂ ਮੋਢੇ ਤੇ ਬੰਦੂਕ ਠੱਪ ੨ ਕਰਦਾ ਪੌੜੀਆਂ ਚੜ੍ਹ ਆਉਂਦਾ ਹੈ, ਮੇਜ਼ ਉਤੇ ਬੋਤਲ ਕੋਲ ਰੱਖ ਕੇ ਸੁਣਾ ਉਇ ਜਥੇਦਾਰਾ ਕੀ ਹਾਲ ਹੈ ਜਥੇਦਾਰ ਹਥ ਮਿਲਾਕੇ ਓਹ! ਬਲੇ ਤੇਰੀਆਂ ਹੀ ਅਜ ਹੁਣੇ ਗਲਾਂ ਕਰਦੇ ਸੀ। ਦਾੜ੍ਹੀ-ਕੱਟ ਆਦਮੀ



www.AKJ.Org

ਗਰੰਥੀ ਵਲ ਵੇਖਕੇ, ਤੇਰੀ ਕੱਛ ਕਿਧਰ ਜਾਂਦੀ ਹੈ ਭਾਈ! ਪਾਣੀ ਲਿਆ ਤੈਨੂੰ ਪਤਾ ਨਹੀਂ, ਤੇਹ ਲਗੀ ਆ। ਲਾਗੋਂ ਜਥੇਦਾਰ ਵੇਖ ਗੁਰਦਾਸਿਆ, ਇਸ ਕੱਛ ਦੀ ਸ਼ਾਨ ਵਿਚ ਕੁਝ ਨਾ ਕਿਹਾ ਕਰ ਇਸ ਲਿਬਾਸ ਵਿਚ ਹੀ ਇਹ ਬਰਕਤਾਂ ਹਨ ਕਿ ਕੋਈ ਸਾਡੀ ਵਾ ਵਲ ਨਹੀਂ ਵੇਖ ਸਕਦਾ ਕੁਝ ਚਿਰ ਮਗਰੋਂ ਇਹ ਦੋਵੇਂ ਬਜ਼ਾਰ ਵਿਚ ਸੈਰ ਕਰਨ ਜਾਂਦੇ ਹਨ ਜਥੇਦਾਰ ਗੂਹੜੀ ਪੀਲੀ ਕੇਸਕੀ ਤੇ ਨੀਲੀ ਪੱਗ ਬੰਨ ਕੇ ਹਥ ਵਿਚ ਵਡੀ ਸਿਰੀ ਸਾਹਿਬ ਹੈ।

ਗੁਰਦਾਸਾ—ਮੈਨੂੰ ਤਾਂ ਤੇਰੀ ਇਸ ਕ੍ਰਿਪਾਨ ਕੋਲੋਂ ਬਹੁਤ ਡਰ ਆਉਂਦਾ ਹੈ।

ਇਹ ਹੈ ਅੱਜ ਕਲ ਦੇ ਜਥੇਦਾਰਾਂ ਤੇ ਕਈ ਹੋਰ ਸਿਆਸੀ ਸਿੰਘਾਂ ਦਾ ਹਾਲ। ਇਹ ਕੁਝ ਵੇਖਦੇ ਭੀ ਕਈ ਹੋਰ ਹਿੰਦੂ ਮਤ ਦੇ ਆਦਮੀ ਸਮਝ ਲੈਂਦੇ ਹਨ ਕਿ ਖਵਰੇ ਦਸਮੇਸ਼ ਪਿਤਾ ਦੇ ਸਿੰਘ ਇਸ ਤਰ੍ਹਾਂ ਦੇ ਹੀ ਹਨ। ਅੰਮ੍ਰਿਤ ਛੱਕ ਕੇ ਸ਼ਾਇਦ ਇਸ ਤਰ੍ਹਾਂ ਹੀ ਕਰਨਾ ਪੈਂਦਾ ਹੈ, ਕਲਕਤੇ ਦੇ ਤਿਆਰ ਬਰ ਤਿਆਰ ਸਿੰਘ ਨਾਲ ਇਕ ਵਾਰ ਪ੍ਰਸਪਰ ਗਲ ਤੁਰੀ ਅਸੀਂ ਏਹੋ ਜਹੀਆਂ ਗਲਾਂ ਛੇੜ ਬੈਠੇ ਉਨ੍ਹਾਂ ਮੈਨੂੰ ਦਸਿਆ ਕਿ ਮੈਂ ਇਕ ਵਾਰ ਕਲਕਤੇ ਦੇ ਰਹਿਣ ਵਾਲੇ ਪੰਜ ਸਤ ਪੂਰਬੀਆਂ ਨਾਲ ਗਲ ਛੇੜੀ ਕਿ ਸਾਡਾ ਧਰਮ ਬੜਾ ਚੰਗਾ ਹੈ ਤੁਸੀਂ ਭੀ ਸਿਖ ਸੱਜ ਜਾਵੋ ਉਨ੍ਹਾਂ ਕਿਹਾ ਕਿ ਨਹੀਂ ਬਈਆ ਹਮ ਸਿੱਖ ਨਹੀਂ ਸਜਦੇ ਪੁਛਣ ਤੇ ਉਤਰ ਦਿਤਾ ਕਿ ਸਾਡੇ ਮਹਲੇ ਵਿਚ ਦਸ ਬਾਰਾਂ ਸਿਖ ਰਹਿੰਦੇ ਹਨ ਉਨ੍ਹਾਂਤੋਂ ਡਰਦਾ ਮਾਰਾ ਮਹਲਾ ਹੀ ਖਾਲੀ ਹੁੰਦਾ ਜਾਂਦਾ ਹੈ ਉਹ ਕੀ ਜਾਣਦੇ ਸਾਰ ਸਿਖੀ ਦੀ ਵਿਚਾਰੇ ਪੂਰਬੀ, ਪੰਜਾਬ ਦੇ ਦਾੜੀ ਕਟੇ ਡਰਾਈਵਰਾਂ ਨੂੰ ਸਿਖ ਸਮਝੀ ਬੈਠੇ ਹਨ ਕਿ ਉਹ ਭੀ ਆਪਣੇ ਆਪ ਨੂੰ ਸਿਖ ਹੀ ਅਖਵਾਉਂਦੇ ਹਨ।

ਜੇ ਨਿਗ੍ਹਾ ਮਾਰ ਕੇ ਵੇਖੀਏ ਤਾਂ ਹਰ ਇਕ ਵਲਗਣ ਦੇ ਵਿਚ ਘਿਰੇ ਹੁੰਦੇ ਬਹੁਤੇ ਸਿਖ ਹੀ ਹਨ ਜੇ ਰਾਧਾ ਸੁਆਮੀ ਦਾ ਦੌਰ ਹੈ ਤਾਂ ਉਸ ਵਿਚ ਸਿਖ ਕੂਕਾ, ਨਾਮਧਾਰੀ, ਨਿਰੰਕਾਰੀ, ਦੇਵੀ ਉਪਾਸ਼ਕ, (ਸੰਤ ਮੰਡਲੀਆਂ) ਗੁਰੂ ਡੰਮ ਜਿਥੇ ਭੀ ਕਿਤੇ ਏਹੋ ਜਿਹਾ ਪ੍ਰਚਾਰ ਹੋ ਰਿਹਾ ਹੈ ਸਭ ਤੋਂ ਪਹਿਲਾਂ ਜਾਲ ਇਹਨਾਂ ਤੇ ਹੀ ਪੈਂਦਾ ਹੈ ਹੁਣ ਤਾਂ ਅਜ ਕਲ ਦੇ ਨੌਜਵਾਨ ਕ੍ਰਿਸਚਨ ਜਾਂ ਈਸਾਈ ਹੀ ਬਹੁਤ ਬਣਦੇ ਜਾਂਦੇ ਹਨ ਪਰ ਇਸ ਦਾ ਇਲਾਜ ਅਸੀਂ ਸੋਚਣਾ ਹੈ। ਇਸ ਦਾ ਹਲ ਅਸੀਂ ਲਭਣਾ ਹੈ ਕਿ ਇਸ ਤਰ੍ਹਾਂ ਇਹ ਕਿਉਂ ਹੁੰਦਾ ਹੈ। ਇਸ ਦਾ ਕਾਰਨ ਮੈਨੂੰ ਤਾਂ ਇਕੋ ਹੀ ਜਾਪਦਾ ਹੈ ਕਿ ਲਖਾਂ ਰੁਪਿਆ ਜੋ ਸਿਆਸੀ ਦੌਰ ਵਿਚ ਖ਼ਤਮ ਹੁੰਦਾ ਹੈ ਉਹ ਧਾਰਮਿਕ ਪ੍ਰਚਾਰ ਤੇ ਖ਼ਰਚ ਹੋਵੇ, ਪ੍ਰਚਾਰਕ ਜਾਂ ਰਾਗੀ ਉਹ ਲਗਾਏ ਜਾਣ ਜਿਨ੍ਹਾਂ ਨੂੰ ਸਵਾਰਥ ਤੇ ਮਾਇਆ ਦੀ ਲੋੜ ਨਾ ਹੋਵੇ, ਉਸ ਤਰ੍ਹਾਂ ਭਾਵੇਂ ਉਹਨਾਂ ਦੀ ਤਨਖ਼ਾਹ ਕਿੰਨੀ ਹੀ ਕਿਉਂ ਨਾ ਕਰ ਦਿਤੀ ਜਾਵੇ, ਪਰ ਉਪਰੋਂ ਮਾਇਕ ਦਾਨ ਕੋਈ ਨਾ ਹੋਵੇ।

ਇਹਨਾਂ ਗੱਲਾਂ ਦਾ ਅਸਰ ਭੀ ਤਾਂ ਹੀ ਹੋ ਸਕਦਾ ਹੈ ਜੇ ਦਲੋ ਸਾਰੇ ਸਿਖ ਨਾ ਹੀ ਸਹੀ ਪਰ ਕੌਮ ਦੇ ਆਗੂ, ਜਥੇਦਾਰ, ਕੌਮੀ ਲੀਡਰ, ਪ੍ਰਚਾਰਕ, ਗਿਆਨੀ, ਗਰੰਥੀ ਤੇ ਹੋਰ ਪੰਥਕ ਸੇਵਾਦਾਰ ਇਨ੍ਹਾਂ ਸਾਰਿਆਂ ਦਾ ਆਪਣਾ ਜੀਵਨ ਕੁਝ ਸਹੀ ਅਰਥਾਂ ਵਿਚ ਏਹੋ ਜਿਹਾ ਢਲਿਆ ਹੋਵੇ ਕਿ ਜ਼ਿਆਦਾ ਕਹਿਣ ਦੀ ਜ਼ਰੂਰਤ ਹੀ ਮਹਿਸੂਸ ਨਾ ਹੋਵੇ, ਲੋਕਾਂ ਨੂੰ ਆਪੇ ਹੀ ਉਹਨਾਂ ਦੇ ਚਿਹਰਿਆਂ ਦੇ ਪ੍ਰਭਾਵ ਤੋਂ ਹੀ ਪਤਾ



www.AKJ.Org

ਲਗੇ ਕਿ ਅਸੀਂ ਭੀ ਕੌਮ ਦੇ ਸੰਤ ਸਿਪਾਹੀ ਬਣਨਾ ਹੈ, ਬਣਨਾ ਕੇਹੋ ਜਿਹਾ ਹੈ ਜੇਹੋ ਜਹੀ ਤਸਵੀਰ ਸਾਨੂੰ ਉਹ ਸਾਹਮਣੇ ਖੜੀ ਨਜ਼ਰ ਆ ਰਹੀ ਹੈ, ਇਤਿਹਾਸ ਪੜ੍ਹਿਆਂ ਪਤਾ ਲਗਦਾ ਹੈ ਕਿ ਬਾਬਾ ਦੀਪ ਸਿੰਘ ਦੀ ਇਕ ਲਲਕਾਰ ਨਾਲ ਸਾਰੇ ਸਿੰਘ ਲਕੀਰ ਟੱਪ ਕੇ ਅਗਾਂਹ ਵਧ ਆਏ ਸਨ ਪਰ ਲਲਕਾਰ ਕਿਸ ਦੀ ਸੀ ਜਿਸ ਦਾ ਸਰੀਰ ਸਿਰ ਤੋਂ ਬਗੈਰ ਹੀ ਦੁਸ਼ਮਣ ਨਾਲ ਲੜਿਆ ।

ਖਾਲਸਾ ਜੀ ! ਗੁਰੂ ਕਲਗੀਧਰ ਜੀ ਨੇ ਮਸੰਦ ਸਾੜੇ ਸਨ, ਪਰ ਅਜ ਉਹੋ ਜਹੇ ਹਜ਼ਾਰਾਂ ਹੀ ਮਸੰਦ ਫੇਰ ਹੋ ਗਏ ਹਨ, ਜੋ ਕੌਮ ਦਾ ਨਾਮ ਵੇਚ ਕੇ ਇਸ ਦੀ ਸਾਰੀ ਸ਼ਾਨ ਨੂੰ ਮਿਟਾਈ ਜਾਂਦੇ ਹਨ, ਉਹੋ ! ਗੁਰੂ ਨਾਨਕ ਦੇਵ ਦੇ ਸਹੀ ਮਿਸ਼ਨ ਤੇ ਚਲਣ ਵਾਲਿਓ ! ਜ਼ਰਾ ਇਹਨਾਂ ਨੂੰ ਭੀ ਦੋ ਹਥ ਕਰ ਕੇ ਵਿਖਾਲ ਦਿਉ । ਚੋਰ ਬਜ਼ਾਰੀ, ਵਢੀ, ਸੁਆਰਥ ਤੇ ਹੋਰ ਏਹੋ ਜਹੀਆਂ ਕਈ ਬੀਮਾਰੀਆਂ ਜੋ ਅਜ ਕਲ ਦੇ ਸਿਖਾਂ ਨੂੰ ਭੀ ਲਗ ਗਈਆਂ ਹਨ, ਇਹਨਾਂ ਨੂੰ ਰੋਕੋ ਜੇ ਨਾ ਰੁਕੀਆਂ ਤਾਂ ਇਕ ਐਸੀ ਭਿਆਨਕ ਜਵਾਲਾ ਭੜਕੇਗੀ ਕਿ ਇਹ ਝੂਠੇ ਲੀਡਰਾਂ ਨੂੰ ਸਵਾਹ ਕਰਕੇ ਅਗੇ ਲੈ ਜਾਵੇਗੀ, ਪਰ 'ਅਗੇ ਜਾਤੁ ਨ ਜੋਰੁ ਹੈ ਅਗੈ ਜੀਉ ਨਵੇ ।' ਇਸ ਕਰਕੇ ਇਸ ਅਗਨੀ ਚੋਂ ਬਚਣ ਦਾ ਪਹਿਲਾਂ ਹੀ ਉਪਾ ਸੋਚੋ ਅਤੇ ਗੁਰੂ ਦਸਮੇਸ਼ ਪਾਤਸ਼ਾਹ ਦਾ ਸੱਚਾ ਤੇ ਸੁੱਚਾ ਮਿਸ਼ਨ ਸਹੀ ਅਰਥਾਂ ਵਿਚ ਕਬੂਲ ਕਰੋ ਅਤੇ ਪੂਰਨ ਖਾਲਸਾ ਅਸੂਲਾਂ ਤੇ ਚਲਣ ਵਿਚ ਕਾਮਯਾਬ ਹੋਵੇ ।

'ਆਪ ਸਿੰਘ ਜੋ ਰਾਜਾ ਹੋਈ ।
ਨਿਰਧਨ ਸਿੰਘਨ ਪਾਲੈ ਸੋਈ ।'

'ਖਾਲਸਾ ਸੋ ਨਿਰਧਨ ਕੋ ਪਾਲੈ ।
ਖਾਲਸਾ ਸੋਇ ਦੁਸਟ ਕੋਉ ਗਾਲੈ ।'

'ਹਉ ਤਿਸੁ ਘੋਲਿ ਘੁਮਾਇਆ
ਪਰ ਨਾਰੀ ਕੇ ਨੇੜਿ ਨ ਜਾਵੈ ।'

'ਦੁਰਮਤੁ ਮਦੁ ਜੋ ਪੀਵਤੇ,
ਬਿਖਲੀ ਪਤਿ ਕਮਲੀ ॥'

(ਚਲਦਾ)

## ਸ੍ਰੀ ਗੁਰੂ ਨਾਨਕ ਸੰਗੀਤ ਵਿਦਿਆਲਾ ਤੇ ਪਰਾਇਮਰੀ ਸਕੂਲ

ਸ੍ਰੀ ਗੁਰੂ ਨਾਨਕ ਦੇਵ ਜੀ ਦੀ 500 ਸਾਲਾ ਬਰਸੀ ਨੂੰ ਮੁਖ ਰਖ ਕੇ ਸੰਗੀਤ ਵਿਦਿਆਲਾ ਤੇ ਪਰਾਇਮਰੀ ਸਕੂਲ ਖੋਲ੍ਹਿਆ ਗਿਆ ਹੈ । ਸੰਗੀਤ ਸਾਡੇ ਸਤਿਗੁਰੂ ਨੂੰ ਬਹੁਤ ਪਿਆਰਾ ਸੀ । ਸੋ ਏਥੇ ਹਰ ਇਕ ਨੂੰ ਇਕ ਕਵਾਲੀਫਾਈਡ ਟੀਚਰ ਰਾਹੀਂ ਕੀਰਤਨ ਸਖਾਉਣ ਦਾ ਪ੍ਰਬੰਧ ਕੀਤਾ ਗਿਆ ਹੈ । ਮੁਢਲੀ ਟਰੇਨਿੰਗ ਹਾਸਲ ਕਰਨ ਲਈ ਵਿਦਿਆਰਥੀ ਨੂੰ ਏਥੇ ਰਹਿਣਾ ਪਏਗਾ ਤੇ ਫਿਰ ਉਹ ਵਾਪਸ ਜਾ ਸਕਦਾ ਹੈ ਬਾਕੀ ਕੋਰਸ ਚਿਠੀ ਪਤਰ ਰਾਹੀਂ ਕਰਾਉਣ ਦਾ ਵੀ ਪਰਬੰਧ ਕੀਤਾ ਗਿਆ ਹੈ । ਪ੍ਰਾਇਮਰੀ ਸਕੂਲ ਵਿਚ ਬਚਿਆਂ ਨੂੰ ਗੁਰਮੁਖੀ ਵਿਦਿਆ ਧਰਮ ਪੋਥੀਆਂ ਰਾਹੀਂ ਦਿਤੀ ਜਾਏਗੀ । ਇਸ ਕੋਰਸ ਵਿਚ ਸਿਖ ਧਰਮ ਦੀ ਸਾਧਾਰਨ ਵਾਕਫ਼ੀਅਤ, ਸਿਖ ਇਤਿਹਾਸ ਤੇ ਗੁਰਬਾਣੀ ਆ ਜਾਂਦੀ ਹੈ । ਸੋ ਜਿਨ੍ਹਾਂ ਕੋਲੋਂ ਵੀ ਹੋ ਸਕੇ ਉਹ ਇਹਨਾਂ ਕਲਾਸਾਂ ਵਿਚ ਦਾਖ਼ਲ ਹੋ ਕੇ ਲਾਭ ਉਠਾਉਣ ।

ਪ੍ਰਾਰਥਕ : ਨਾਜ਼ਰ ਸਿੰਘ ਬੋਪਾਰਾਏ
ਬੀ.ਏ.,ਬੀ.ਐਮ.,ਬੀ.ਟੀ.,
ਸਾਗੁਰੀਆ ਸਦਨ, ਐਸ.ਐਲ.ਬੀ. ਰੋਡ, ਲਸ਼ਕਰ ਗਵਾਲੀਅਰ ।



www.AKJ.Org

# —ঃ ਵੈਦ ਰੋਗੀਆਂ ਦਾ ঃ—

( ਬੀਬੀ ਸਤਵੰਤ ਕੌਰ ਡੇਹਰਾਦੂਨ )

ਇਸ ਤਪਦੇ ਸੜਦੇ ਸੰਸਾਰ ਵਿਚ ਹਰ ਕੋਈ ਰੋਗੀ ਹੈ। ਕਿਸੇ ਨੂੰ ਮਨ ਦਾ ਰੋਗ, ਕਿਸੇ ਨੂੰ ਤਨ ਦਾ ਰੋਗ। ਕਿਸੇ ਨੂੰ ਧਨ ਦਾ ਰੋਗ ਹੈ ਤੇ ਕਿਸੇ ਨੂੰ ਬਾਲ ਬਚਿਆਂ ਦੀ ਜ਼ੁਮੇਵਾਰੀ ਦਾ ਰੋਗ ਹੈ। ਸੋ ਸਤਿਗੁਰੂ ਜੀ ਨੇ ਠੀਕ ਕਿਹਾ ਹੈ—

ਜੋ ਜੋ ਦੀਸੈ ਸੋ ਸੋ ਰੋਗੀ॥
ਰੋਗ ਰਹਿਤ ਮੇਰਾ ਸਤਿਗੁਰ ਜੋਗੀ॥

ਭਾਵੇਂ ਰੋਗੀ ਸਾਰੇ ਹਨ, ਪਰ ਇਹ ਸਾਰੇ ਰੋਗ ਸਾਡੇ ਲਾਏ ਹੋਇ ਹਨ। ਇਨ੍ਹਾਂ ਸਭ ਰੋਗਾਂ ਦਾ ਵੈਦ ਬਾਬਾ ਨਿਰੰਕਾਰੀ ਬਣ ਕੇ ਆਇਆ, ਜਿਸ ਨੇ ਸਾਡੇ ਰੋਗਾਂ ਨੂੰ ਬੁਝਿਆ ਤੇ ਨਾਲ ਹੀ ਇਲਾਜ ਦਸਿਆ। ਇਨਾਂ ਰੋਗਾਂ ਦਾ ਇਲਾਜ ਕਰਨ ਲਈ ਪਿਆਰਾ ਗੁਰੂ ਨਾਨਕ ਵੈਦ ਬਣਕੇ ਨਿਕਲਿਆ। ਭਾਈ ਗੁਰਦਾਸ ਜੀ ਦੇ ਕਹਿਣ ਅਨੁਸਾਰ 'ਚੜਿਆ ਸੋਧਣ ਧਰਤ ਲੁਕਾਈ।'

ਇਹ ਕੇਹਾ ਅਨੋਖਾ ਤੇ ਰਬੀ ਵੈਦ ਸੀ ਜੋ ਆਪਣੇ ਸੁਖ ਤਿਆਗ ਕੇ ਸਾਡੇ ਰੋਗ ਹਰਨ ਲਈ ਘਰੋਂ ਨਿਕਲ ਤੁਰਿਆ ਇਹ ਰਬੀ ਵੈਦ ਪਹਿਲਾਂ ਰੋਗੀ ਕੋਲ ਜਾਂਦਾ ਸੀ—

ਰੋਗੀ ਦਾ ਰੋਗ ਦਸਦਾ ਸੀ ਤੇ ਫਿਰ ਇਲਾਜ ਦਸਦਾ ਸੀ।

ਇਸ ਵੈਦ ਨੇ ਸਾਡੇ ਸਰੀਰਕ ਤੇ ਮਾਨਸਿਕ ਰੋਗ ਕਟ ਕੇ ਸਾਨੂੰ ਸਦ ਖੇੜਾ ਸਦ ਖੁਸ਼ੀਆਂ ਦਿਤੀਆਂ।

ਕਈ ਮੂੜ ਲੋਕਾਂ ਨੇ ਇਸ ਵੈਦ ਨੂੰ ਕੁਰਾਹੀਆ ਕਿਹਾ। ਪਥਰ ਵਟੇ ਮਾਰੇ। ਪਰ ਇਸ ਸ਼ਾਂਤ ਮੂਰਤ ਵੈਦ ਨੇ ਕਦੀ ਗੁਸਾ ਨਾ ਕੀਤਾ, ਸਗੋਂ ਰੋਗ ਦੂਰ ਕਰਦਾ ਇਲਾਹੀ ਬਾਣੀ ਗਾਉਂਦਾ ਰਿਹਾ।

ਇਹ ਅਨੋਖਾ ਵੈਦ ਅਜਿਹੀ ਦਵਾਈ ਵੰਡ ਰਿਹਾ ਸੀ ਕਿ ਠਗਾਂ ਵਰਗੇ ਭਗਤ ਬਣ ਰਹੇ ਸਨ। ਮਾਣਸ ਖਾਣੇ ਤੋਬਾ ਤੋਬਾ ਕਰ ਰਹੇ ਸਨ। ਮਲਕ ਭਾਗੋ ਵਰਗੇ ਨਿਮਰਤਾ ਭਰਪੂਰ ਹੋਕੇ ਲਾਲੋਆਂ ਨੂੰ ਵਡਿਆ ਰਹੇ ਸਨ। ਜੋਗੀ ਜਤੀ ਹਉਮੇ ਰਹਿਤ ਹੋ ਰਹੇ ਸਨ। ਪੰਡਿਤ ਤੇ ਅਖੌਤੀ ਗਿਆਨੀ ਭਰਮਾਂ ਵਿਚੋਂ ਨਿਕਲ ਰਹੇ ਸਨ।

ਗੁਰੂ ਨਾਨਕ ਵੈਦ ਆਪਣੇ ਪੰਜਵੇਂ ਸਰੂਪ ਵਿਚ ਬਾਦਸ਼ਾਹਾਂ ਦੇ ਹਉਮੈਂ ਰੋਗ ਕਟ ਰਿਹਾ ਹੈ। ਛੇਵੇਂ ਸਰੂਪ ਵਿਚ ਦੋ ਤਲਵਾਰਾਂ ਪਹਿਨ ਕੇ ਦੋਵੇਂ ਥਾਵਾਂ ਮੀਰੀ ਪੀਰੀ ਰਖ ਰਿਹਾ ਹੈ।

ਅਠਵੇਂ ਸਰੂਪ ਗੂੰਗਿਆਂ ਤੇ ਅਨਪੜ੍ਹਾਂ ਨੂੰ ਗਿਆਨ-ਵਾਨ ਦਰ..ਕੇ ਫੋਕੇ ਗਿਆਨ ਨੂੰ ਥੋਥਾ ਦਰਸਾ ਰਿਹਾ ਹੈ। ਜੋ ਮਾਈ ਭਾਈ ਦਰਸ਼ਨ ਕਰਦਾ ਹੈ—ਅਰੋਗ ਹੁੰਦਾ ਜਾ ਰਿਹਾ ਹੈ।

ਗੁਰੂ ਨਾਨਕ ਪਿਤਾ ਨੇ ਦਸਵੇਂ ਜਾਮੇਂ ਵਿਚ ਭਗਤੀ ਤੇ ਸਕਤੀ ਇਕਠੀ ਕਰਕੇ ਮਨੁਖਤਾ ਨੂੰ ਅਜਿਹੀ ਅਰੋਗਤਾ ਬਖਸ਼ੀ ਕਿ ਜਨਮ ਦੇ ਰੋਗ ਤੋਂ ਸਦਾ ਲਈ ਛੁਟਕਾਰਾ ਹੋ ਗਿਆ।

ਇਸੇ ਸਚੇ ਵੈਦ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਪੰਚਾਂ ਨੂੰ ਗੁਰਿਆਈ ਦੇਕੇ ਗੁਰੂ ਡੰਮ ਦਾ—ਦੇਹਧਾਰੀ ਗੁਰੂ ਦਾ ਸਦਾ ਲਈ ਰੋਗ ਮਿਟਾ ਦਿਤਾ। ਆਉ—ਪਿਆਰਿਓ। ਸਚੇ ਵੈਦ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਲੜ ਲਗਕੇ ਆਪਣੇ ਰੋਗ ਸਦਾ ਮਿਟਾਈਏ।

—o—



www.AKJ.Org

# ਸਿੱਖੀ ਪ੍ਰਚਾਰ ਕਿਵੇਂ ਹੋਵੇ ?

(ਭਾਈ ਜਗਤਾਰ ਸਿੰਘ ਜੀ ਰੇਲਵੇ ਗਾਰਡ ਕੋਟਾ (ਰਾਜਿਸਥਾਨ)

ਅਜ ਸਿਖ-ਜਗਤ ਵਿਚ ਸਿੱਖੀ ਪਰਚਾਰ ਦੀ ਘਾਟ ਦਾ ਕਾਫ਼ੀ ਦਾਵੇਲਾ ਹੈ। ਸਿਖੀ ਦਾ ਹਰ ਸ਼ੁਭ ਚਿੰਤਕ ਇਹੀ ਕਹਿੰਦਾ ਸੁਣੀਦਾ ਹੈ ਕਿ ਪ੍ਰਚਾਰ ਦੀ ਬਹੁਤ ਘਾਟ ਹੈ, ਸਿਖ ਰਹਿਤ ਬਹਿਤ ਤੋਂ ਦੂਰ ਜਾ ਰਹੇ ਹਨ, ਕੇਸਾਂ ਦਾ ਕਤਲ ਵਧ ਰਿਹਾ ਹੈ, ਸ਼ਰਾਬ ਨੋਸ਼ੀ ਤਾਂ ਸਿਖਾਂ ਵਿਚ ਘਰ ਕਰ ਚੁਕੀ ਹੈ, ਹੁਣ ਤੰਬਾਕੂ ਜੈਸੀ ਬਿਖ ਵੀ ਪ੍ਰਵੇਸ਼ ਕਰ ਰਹੀ ਹੈ, ਇਸ ਨੂੰ ਸੰਭਾਲਣਾ ਚਾਹੀਦਾ ਹੈ ਤੇ ਸਿਖੀ ਪਰਚਾਰ ਵਲ ਸਿਖ ਪੰਥ ਨੂੰ ਧਿਆਨ ਦੇਣਾ ਚਾਹੀਦਾ ਹੈ।

ਗਿਰਾਵਟ ਵਾਲੀ ਗਲ ਤਾਂ ਨਿਰਸੰਦੇਹ ਦਰੁਸਤ ਹੈ, ਪਰ ਜੇ ਪਰਚਾਰ ਵਲ ਵੇਖੀਏ ਤਾਂ ਪਰਚਾਰਕਾਂ, ਕਥਾਕਾਰਾਂ, ਰਾਗੀਆਂ ਢਾਡੀਆਂ, ਲੈਕਚਰਾਰਾਂ ਤੇ ਗਰੰਥੀਆਂ ਆਦਿ ਦੀ ਗਿਣਤੀ ਕੋਈ ਘਟ ਨਜ਼ਰ ਨਹੀਂ ਆਉਂਦੀ, ਵਹੀਰਾਂ ਦੀਆਂ ਵਹੀਰਾਂ ਫਿਰਦੀਆਂ ਹਨ। ਪੇਸ਼ਾਵਰ ਪਰਚਾਰਕਾਂ ਤੋਂ ਇਲਾਵਾ ਕਈ ਦੂਸਰੇ ਸਜਨ ਵੀ ਜੋ ਖੇਤੀ ਬਾੜੀ ਆਦਿ ਕਰਦੇ ਹਨ, ਸਾਲ ਵਿਚ ਆਪਣੇ ਵੇਹਲ ਦਾ ਕੋਈ ਸਮਾਂ ਕਢਕੇ ਜਾਂ ਗੁਰਪੁਰਬਾਂ ਆਦਿ ਸਮੇਂ ਮਾਇਆ ਇਕੱਤਰ ਕਰਨ ਹਿੱਤ ਢੱਡਾਂ ਫੜ ਕੇ ਸਿਖੀ ਪਰਚਾਰ ਕਰਨ ਟੁਰ ਪੈਂਦੇ ਹਨ। ਸੋ ਪ੍ਰਚਾਰਕਾਂ ਦੀ ਗਿਣਤੀ ਤਾਂ ਲੋੜ ਤੋਂ ਵੀ ਕੁਝ ਵਧ ਹੀ ਹੋਣੀ ਹੈ ।

ਜੇ ਸਿਖੀ ਲਿਟਰੇਚਰ ਵਲ ਤੱਕੀਏ ਤਾਂ ਬੇਅੰਤ ਦੈਨਿਕ, ਸਪਤਾਹਿਕ ਤੇ ਮਾਹਵਾਰੀ ਅਖ਼ਬਾਰ ਤੇ ਰਸਾਲੇ ਛਪਦੇ ਹਨ । ਕਿਤਾਬਾਂ ਵੀ ਬੜੀਆਂ ਮਿਲਦੀਆਂ ਹਨ। ਇਸ ਪਖੋਂ ਵੀ ਕੋਈ ਘਾਟ ਨਜ਼ਰ ਨਹੀਂ ਆਉਂਦੀ। ਨਾ ਮਾਇਆ ਦੀ ਹੀ ਕੋਈ ਕਮੀ ਹੈ। ਕੌਮ ਕਾਫ਼ੀ ਧਨਾਢ ਹੈ ਤੇ ਸਚੇ ਪਾਤਸ਼ਾਹ ਦੀ ਮੇਹਰ ਨਾਲ ਦਾਨੀ ਅਨਸਰ ਵੀ ਕੌਮ ਵਿਚ ਬਹੁਤ ਹੈ। ਬੇਅੰਤ ਮਾਇਆ ਗੁਰਦਵਾਰਿਆਂ ਤੇ ਪਰਚਾਰਕਾਂ ਦੀ ਭੇਟਾ ਹੁੰਦੀ ਹੈ।

ਧਰਮ ਅਸਥਾਨਾਂ ਦੀ ਵੀ ਘਾਟ ਕੋਈ ਨਹੀਂ । ਥਾਂ ਥਾਂ ਗੁਰਦਵਾਰੇ ਹਨ। ਦੇਸ਼ ਦੇ ਹਰ ਕੋਨੇ ਵਿਚ ਜਿਥੇ ਦੋ ਚਾਰ ਹੀ ਸਿਖ ਘਰਾਣੇ ਹਨ ਉਥੇ ਵੀ ਗੁਰਦਵਾਰਾ ਜ਼ਰੂਰ ਮਿਲੇਗਾ ।

ਇੰਨਾਂ ਕੁਝ ਹੋਣ ਦੇ ਬਾਵਜੂਦ ਵੀ ਜੇ ਕੌਮ ਗਿਰਾਵਟ ਵਲ ਹੀ ਜਾ ਰਹੀ ਹੈ, ਤਾਂ ਕੀ ਕਾਰਨ ਹੈ ਜੋ ਇਸ ਸਾਰੇ ਪ੍ਰਚਾਰਕ ਉਦਮ ਨੂੰ ਅਸਫਲ ਬਣਾ ਰਿਹਾ ਹੈ ? ਕੇਹੜੀ ਘਾਟ ਇਸ ਪਰਚਾਰ ਵਿਚ ਹੈ ਜਿਸਦੀ ਪੂਰਤੀ ਦੀ ਲੋੜ ਹੈ ? ਪ੍ਰਥਮ ਤੇ ਵਡੀ ਕਮੀ ਇਸ ਵਿਚ ਜੀਵਨ ਕਣੀ ਦੀ ਹੈ।

ਅਮਲੀ ਜੀਵਨ ਦੀ ਅਣਹੋਂਦ ਕਾਰਨ ਪ੍ਰਚਾਰ ਕਾਰਗਰ ਨਹੀਂ ਹੋ ਸਕਦਾ। ਜਦ ਕਦੇ ਵੀ ਸਿਖੀ



www.AKJ.Org

ਵਧੀ ਭੁੱਲੀ ਹੈ ਤੇ ਜਦ ਕਦੇ ਵੀ ਸਿਖਾਂ ਵਿਚ ਆਦਰਸ਼ਕ ਜੀਵਨ ਦੀ ਝਲਕ ਪਈ ਹੈ ਉਦੋਂ ਜ਼ਰੂਰ ਕਿਸੇ ਨਾ ਕਿਸੇ ਜੀਵਨ ਵਾਲੇ ਵਿਅਕਤੀ ਦੀ ਸ਼ਖ਼ਸੀਅਤ ਦੇ ਅਸਰ ਸਦਕਾ ਇਹ ਕੁਝ ਹੋਇਆ ਹੈ । ਭਾਈ ਸਾਹਿਬ ਭਾਈ ਅਤਰ ਸਿੰਘ ਜੀ (ਜਿਨ੍ਹਾਂ ਨੂੰ ਲੋਕ ਸੰਤ ਅਤਰ ਸਿੰਘ ਜੀ ਕਹਿ ਕੇ ਯਾਦ ਕਰਦੇ ਹਨ), ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ, ਭਾਈ ਸਾਹਿਬ ਭਾਈ ਵੀਰ ਸਿੰਘ ਜੀ ਆਦਿ ਗੁਰਮੁਖਾਂ ਦੀਆਂ ਗੁਰਮੁਖ ਸ਼ਖ਼ਸੀਅਤਾਂ ਨੇ ਤੇ ਉਹਨਾਂ ਦੀ ਤੱਤ ਗੁਰਮਤ ਸੂਝ ਬੂਝ ਨੇ ਸਿਖੀ ਦਾ ਜੋ ਪ੍ਰਚਾਰ ਕੀਤਾ ਹੈ ਤੇ ਜਿੰਨੇ ਕੁ ਲੋਕਾਂ ਨੂੰ ਆਦਰਸ਼ਕ ਜੀਵਨ ਵਲ ਪ੍ਰੇਰਿਆ ਹੈ,ਉਹ ਕੰਮ ਕਿਸੇ ਆਰਗੇਨਾਈਜ਼ੇਸ਼ਨ ਕਿਸੇ ਸੰਸਥਾ ਤੇ ਕਿਸੇ ਕਮੇਟੀ ਨੇ ਨਹੀਂ ਕੀਤਾ ।

ਪੰਥਕ ਪੱਧਰ ਤੇ ਪਰਚਾਰ ਦੀ ਜ਼ਿਮੇਂਵਾਰੀ ਸਿਖ ਸੰਸਥਾਵਾਂ ਦੇ ਚਾਲਕਾਂ ਤੇ ਧਰਮ ਅਸਥਾਨਾਂ ਦੇ ਪ੍ਰਬੰਧਕਾਂ ਸਿਰ ਹੈ, ਪਰ ਅਜ ਪ੍ਰਬੰਧਕ ਤੇ ਚਾਲਕ ਕੌਣ ਹਨ ? ਕਿਨੇ ਕੁ ਜੀਵਨ ਵਾਲੇ ਸਜਣ ਹਨ ਇਹਨਾਂ ਲੀਡਰਾਂ ਵਿਚ ? ਨਾਮ ਮਾਤਰ ਨੂੰ ਵੀ ਸ਼ਾਇਦ ਨਹੀਂ ਹੋਣਗੇ । ਛੋਟੀ ਤੋਂ ਛੋਟੀ ਤੇ ਵਡੀ ਤੋਂ ਵਡੀ ਸੰਸਥਾ ਦੀ ਔਹਦੇਦਾਰੀ ਦੀ ਚੋਣ ਸਮੇਂ ਚੋਣ ਦੁਨਿਆਵੀ ਵਡਿਆਈ ਨੂੰ ਹੀ ਮੁਖ ਰਖ ਕੇ ਹੁੰਦੀ ਹੈ । ਜੋ ਧਨਾਢ ਹੈ, ਜੋ ਚਲਦਾ ਪੁਰਜ਼ਾ ਹੈ, ਜੋ ਝਗੜਾਲੂ ਹੈ ਜਾਂ ਮੁਕੱਦਮਾਬਾਜ਼ ਹੈ, ਜੋ ਪਾਰਟੀ ਲੀਡਰ ਹੈ, ਜੋ ਲੀਡਰੀ ਦਾ ਚਾਹਵਾਨ ਹੈ, ਜੋ ਆਪਣੀ ਧਾਰਮਕ ਪੱਦਵੀ ਨੂੰ ਆਪਣੇ ਨਿਜੀ ਅਸਰ ਰਸੂਖ ਲਈ ਵਰਤਣਾ ਚਾਹੁੰਦਾ ਹੈ, ਇਹੋ ਜਿਹਾ ਸਜਨ ਹੀ ਧਰਮ ਅਸਥਾਨ ਅਥਵਾ ਧਾਰਮਿਕ ਸੰਸਥਾ ਦਾ ਲੀਡਰ ਬਣਦਾ ਹੈ । ਧਾਰਮਿਕ ਪੱਦ ਵਾਸਤੇ ਯੋਗਤਾ ਕਿਸੇ ਵਿਅਕਤੀ ਦੀ ਦੁਨਿਆਵੀ ਵਡਿਆਈ ਹੀ ਰਹਿ ਗਈ ਹੈ । ਸਿੱਖੀ ਵਲੋਂ ਭਾਵੇਂ ਉਹ ਪੁਰਸ਼ ਕੋਹਾਂ ਦੂਰ ਹੋਵੇ ਤੇ ਗੁਰਮਤ ਦੀ ਸੂਝ ਤੋਂ ਭਾਵੇਂ ਬਿਲਕੁਲ ਕੋਰਾ ਹੀ ਹੋਵੇ । ਧਰਮ ਦੀ ਲੀਡਰਸ਼ਿਪ ਜੇ ਅਧਰਮੀ ਦੇ ਹੱਥ ਹੋਵੇ ਤਾਂ ਕੀ ਆਸ ਰਖੀ ਜਾ ਸਕਦੀ ਹੈ ਧਰਮ ਦੀ ਪ੍ਰਫੁਲਤਾ ਦੀ ? ਫ਼ੌਜ ਦੀ ਕਮਾਨ ਕਿਸੇ ਯੋਧੇ ਤੇ ਯੁਧ-ਚਾਲਾਂ ਦੇ ਮਾਹਰ ਜਰਨੈਲ ਹਥ ਹੋਵੇ ਤਾਂ ਸਲਾਮਤ, ਪਰ ਜੇ ਕਿਸੇ ਵਿਉਪਾਰ-ਚਾਲਾਂ ਦੇ ਮਾਹਰ ਵਿਉਪਾਰੀ ਹਥ ਦੇ ਦਿਤੀ ਜਾਵੇ ਤਾਂ ਉਸ ਕੀ ਸੰਵਾਰਨਾ ਹੈ ? 'ਅੰਨ੍ਹਾ ਆਗੂ ਜੇ ਥੀਏ ਸਭ ਸਾਥ ਮੁਹਾਵੇ ।' ਅੰਨੇ ਨੂੰ ਕਿਸੇ ਜਥੇ ਦਾ ਆਗੂ ਬਣਾ ਕੇ ਕੀ ਕੋਈ ਪਾਰ ਪੈਣ ਦੀ ਆਸ ਰਖ ਸਕਦਾ ਹੈ, ਹਰਗਿਜ਼ ਨਹੀਂ । ਇਹੋ ਹਾਲ ਅਜ ਪੰਥ ਦਾ ਹੈ । ਲੀਡਰਸ਼ਿਪ ਯੋਗ ਹਥਾਂ ਵਿਚ ਨਹੀਂ ਹੈ, ਗੁਰਮਤਿ ਰਹਿਣੀ ਵਾਲੇ, ਨਾਮ ਰਸੀਏ ਤੇ ਗੁਰਮਤ ਦੇ ਸੂਝਵਾਨ ਹਥਾਂ ਵਿਚ ਨਹੀਂ ਹੈ ।

ਦੂਜੇ ਨੰਬਰ ਤੇ ਪਰਚਾਰ ਦੀ ਜ਼ਿਮੇਂਵਾਰੀ ਪਰਚਾਰਕਾਂ ਸਿਰ ਹੈ । ਇਸ ਤਬਕੇ ਦਾ ਵੀ ਇਹੋ ਹਾਲ ਹੈ । ਕੇਵਲ 'ਰੋਟੀਆ ਕਾਰਨ ਪੂਰੇ ਤਾਲ' ਵਾਲੀ ਗਲ ਰਹਿ ਗਈ ਹੈ । ਪਰਚਾਰ ਕਰਨਾ ਨਿਰਾ ਕਮਾਈ ਦਾ ਸਾਧਨ ਹੀ ਰਹਿ ਗਿਆ ਹੈ । ਜੀਵਨ ਜੀਉਣ ਦੀ ਤੇ ਜੀਵਨ ਪਰਚਾਰਨ ਦੀ ਇੱਛਾ ਕਿਤੇ ਨਜ਼ਰ ਨਹੀਂ ਪੈਂਦੀ । ਕਹਿਣੀ ਤੇ ਕਰਨੀ ਵਿਚ ਕਿਤੇ ਸੁਮੇਲ ਨਹੀਂ । ਜੀਵਨ ਕਣੀ ਤਾਂ ਇਕ ਪਾਸੇ ਰਹੀ ਵਿਦਵਤਾ ਤੇ ਗੁਰਮਤ ਸੂਝ ਦੀ ਵੀ ਅਤਿਅੰਤ ਹੀ ਘਾਟ ਹੈ । ਵਿਰਲੇ ਵਾਂਜਿਆਂ ਨੂੰ ਛਡ ਕੇ ਹਰ ਇਕ ਪੁਰਸ਼ ਆਪਣੇ ਹੀ ਖ਼ਿਆਲਾਂ ਦਾ ਜਾਂ ਅਨਮਤੀ ਖ਼ਿਆਲਾਂ ਦਾ ਗੁਰਮਤ ਨਾਲ ਮਿਲਗੋਭਾ ਜਿਹਾ ਬਣਾ



www.AKJ.Org

ਕੇ ਪਰਚਾਰ ਕਰੀ ਜਾ ਰਿਹਾ ਹੈ। ਇਸੇ ਕਰਕੇ ਅਜ ਸੰਗਤਾਂ ਤਰ੍ਹਾਂ ਤਰ੍ਹਾਂ ਦੇ ਮਤਾਂ ਮਤਾਤਰਾਂ ਪਿਛੇ ਲਗ ਕੇ ਗੁਮਰਾਹ ਹੋ ਰਹੀਆਂ ਹਨ। ਬਹੁਗਿਣਤੀ ਪ੍ਰਚਾਰਕ ਅਨਪੜ੍ਹ ਹੀ ਹਨ ਜਾਂ ਮਾਮੂਲੀ ਪੜ੍ਹੇ ਲਿਖੇ। ਇਹਨਾਂ ਦਾ ਰੁਝਾਨ ਗੁਰਮਤ ਪਰਚਾਰਨਾ ਨਹੀਂ ਕੇਵਲ ਮਾਇਆ ਇਕੱਤ੍ਰ ਕਰਨਾ ਹੀ ਹੈ। ਸਰੋਤਿਆਂ ਦੀ ਰੁਚੀ ਦੇਖ ਕੇ ਉਹਨਾਂ ਨੂੰ ਖੁਸ਼ ਕਰਨਾ ਹੀ ਇਹਨਾਂ ਦਾ ਟੀਚਾ ਹੈ, ਭਾਵੇਂ ਇਸ ਤਰ੍ਹਾਂ ਗੁਰਮਤ ਪ੍ਰਤਿਕੂਲ ਪਰਚਾਰ ਕਰੀ ਜਾਣ।

ਇਹ ਤਾਂ ਆਵਾ ਹੀ ਊਤਣ ਵਾਲੀ ਗਲ ਹੈ। ਪਰਚਾਰਕ ਤੇ ਇਹਨਾਂ ਦੇ ਸਿਰ ਪ੍ਰਬੰਧਕ, ਸਭ ਇਕੋ ਰੱਸੀ ਬਨ੍ਹਣ ਵਾਲੇ ਹਨ। ਦਾਸ ਨੂੰ ਇਕ ਵੀਰ ਦੀ ਸੁਣਾਈ ਮਜ਼ਾਕ ਦੀ ਗੱਲ ਯਾਦ ਆ ਗਈ ਹੈ। ਇਕ ਸ਼ਹਿਰ ਵਿਖੇ ਸਿੰਘ ਸਭਾ ਦੀ ਵਰਕਿੰਗ ਕਮੇਟੀ ਦੀ ਸਾਲਾਨਾ ਚੋਣ ਹੋਣ ਲਗੀ। ਮੈਂਬਰਾਂ ਦਾ ਖ਼ਿਆਲ ਸੀ ਕਿ ਪਿਛਲੇ ਚਲੇ ਆ ਰਹੇ ਪਰਧਾਨ ਨੂੰ ਹੀ ਦੁਬਾਰਾ ਪ੍ਰਧਾਨਗੀ ਪਦ ਲਈ ਚੁਣ ਲਿਆ ਜਾਵੇ, ਪਰ ਪਰਧਾਨ ਮੰਨੇ ਨਾ। ਜਦ ਬਹੁਤਾ ਮਜਬੂਰ ਕੀਤਾ ਗਿਆ ਤਾਂ ਪਰਧਾਨ ਹਥ ਜੋੜ ਕੇ ਖਲੋ ਗਿਆ, ਆਖਣ ਲਗਾ ਸਜਨੋ ਮੈਨੂੰ ਨਰਕ ਵਿਚ ਨਾ ਪਾਉ। ਸੁਨਣ ਵਾਲੇ ਬੜੇ ਹੈਰਾਨ ਹੋਏ ਤੇ ਕਹਿਣ ਲਗੇ ਕਿ ਪਰਧਾਨਗੀ ਤਾਂ ਸਗੋਂ ਵਡਿਆਈ ਦਾ ਪਦ ਹੈ ਤੇ ਨਾਲੇ ਗੁਰੂ ਘਰ ਦੀ ਸੇਵਾ, ਇਹ ਨਰਕ ਕਿਵੇਂ ? ਪਰਧਾਨ ਬੋਲਿਆ ਮੈਨੂੰ ਰਾਤੀਂ ਸੁਪਨਾ ਆਇਆ ਹੈ, ਬੜਾ ਭਿਆਨਕ ਸੁਪਨਾ, ਮੈਂ ਮਰ ਗਿਆ ਹਾਂ ਤੇ ਜਮ ਮੈਨੂੰ ਨਰਕ ਵਿਚ ਸੁਟਣ ਲਈ ਘਸੀਟ ਰਹੇ ਹਨ। ਮੈਂ ਬੇਨਤੀ ਕੀਤੀ ਕਿ ਮੈਨੂੰ ਦਸੋ ਮੈਂ ਕਿਹੜਾ ਅਪਰਾਧ ਕੀਤਾ ਹੈ ਜਿਸ ਕਾਰਨ ਨਰਕ ਵਲ ਲਿਜਾ ਰਹੇ ਹੋ ? ਮੈਂ ਤਾਂ ਕਈ ਵਰ੍ਹੇ ਗੁਰੂ ਘਰ ਦੀ ਸੇਵਾ ਕੀਤੀ ਹੈ, ਪਰਧਾਨ ਰਿਹਾ ਹਾਂ। ਜਮਦੂਤਾਂ ਜਵਾਬ ਦਿਤਾ ਕਿ ਇਹ ਪਰਧਾਨਗੀ ਹੀ ਤੇਰੇ ਨਰਕਾਂ ਦਾ ਕਾਰਨ ਹੈ ਤੇ ਨਾਲੇ ਉਹਨਾਂ ਦਸਿਆ ਕਿ ਸਾਨੂੰ ਧਰਮ ਰਾਜ ਦਾ ਹੁਕਮ ਹੈ ਕਿ ਹੁਣ ਨਰਕਾਂ ਨੂੰ ਗੁਰਦਵਾਰਿਆਂ ਦਿਆਂ ਪ੍ਰਬੰਧਕਾਂ ਤੇ ਮਹਾਰਾਜ ਦੇ ਅਖੌਤੀ ਵਜ਼ੀਰਾਂ, ਰਾਗੀਆਂ ਤੇ ਕਥਾਕਾਰਾਂ ਨਾਲ ਹੀ ਭਰਨਾ ਹੈ। ਸੋ ਭਰਾਵੋ ਜਿਹੜੀ ਪਰਧਾਨਗੀ ਪਿਛੇ ਕਰ ਬੈਠਾ ਸੋ ਤਾਂ ਹੋ ਗਈ, ਅਗੋਂ ਦਾਸ ਨੂੰ ਬਖ਼ਸ਼ੋ।

ਗਲ ਭਾਵੇਂ ਮਜ਼ਾਕ ਦੀ ਹੀ ਹੈ, ਹਾਲਾਤ ਜ਼ਰੂਰ ਕੁਝ ਇਸੇ ਹੀ ਤਰ੍ਹਾਂ ਦੇ ਹਨ। ਸਾਡੇ ਧਰਮ ਦੇ ਰਾਖਿਆਂ ਦਾ ਹਾਲ ਇਹੋ ਜਿਹਾ ਹੀ ਹੈ। ਇਹ ਢਾਂਚਾ ਪੂਰੇ ਦਾ ਪੂਰਾ ਜਦ ਤਕ ਬਦਲਦਾ ਨਹੀਂ, ਧਰਮ ਦੀ ਅਗਵਾਈ ਜਦ ਤਕ ਧਰਮੀਂ ਤੇ ਯੋਗ ਪੁਰਸ਼ਾਂ ਦੇ ਹੱਥ ਵਿਚ ਨਹੀਂ ਜਾਂਦੀ ਤਦ ਤਕ ਸਿਖੀ ਪ੍ਰਫੁਲਤ ਨਹੀਂ ਹੋ ਸਕਦੀ ਤੇ ਪੰਥ ਚੜ੍ਹਦੀ ਕਲਾ ਵਿਚ ਜਾ ਨਹੀਂ ਸਕਦਾ। ਪਰ ਐਡਾ ਵੱਡਾ ਸੁਧਾਰ ਕੋਈ ਸਾਧਾਰਣ ਗਲ ਨਹੀਂ ਇਹ ਬਹੁਤ ਵਡਾ ਉਪਰਾਲਾ ਮੰਗਦਾ ਹੈ। ਇਸ ਪਾਸੇ ਗਿਣੇ ਮਿਣੇ ਪੰਥਕ ਸ਼ੁਭ ਚਿੰਤਕਾਂ ਦਾ ਕੋਈ ਉਦਮ ਅਜੇ ਕਾਰਗਰ ਨਹੀਂ ਹੋ ਸਕਦਾ। ਨਗਾਰ ਖਾਨੇ ਵਿਚ ਤੂਤੀ ਦੀ ਆਵਾਜ਼ ਕੌਣ ਸੁਣਦਾ ਹੈ। ਇਹਦਾ ਇਲਾਜ ਤਾਂ ਸੱਚੇ ਪਾਤਸ਼ਾਹ ਆਪ ਹੀ ਕਰਨਗੇ। ਬੁਰਾਈ ਜਦੋਂ ਅਤਿ ਤਕ ਪੁਜਦੀ ਹੈ, ਤਦ ਕੁਦਰਤ ਉਸਦਾ ਉਪਾਉ ਆਪ ਕਰ ਦਿੰਦੀ ਹੈ। ਮਸੰਦ ਜਦ ਅਤਿ ਦੀ ਗਿਰਾਵਟ ਤਕ ਪਹੁੰਚੇ ਤਦ ਦਸਮੇਸ਼ ਜੀ ਨੇ ਤੇਲ ਵਿਚ ਉਨ੍ਹਾਂ ਨੂੰ ਸਾੜਿਆ। ਧਰਮ ਅਸਥਾਨਾਂ ਤੇ ਕਾਬਜ਼ ਮਹੰਤਾਂ ਨੂੰ ਮੇਟਣ ਲਈ ਆਪ ਹੀ ਗੁਰੂ ਸਾਹਿਬ ਨੇ ਪੰਥ ਜਾਗ੍ਰਿਤੀ



www.AKJ.Org

ਬਖਸ਼ ਦਿਤੀ। ਇਸੇ ਤਰਾਂ ਜਦ ਅਜ ਦੇ ਧਰਮ ਦੇ ਠੇਕੇਦਾਰ ਮਸੰਦਾਂ ਵਾਂਗ ਇਨਾਮ ਦੇ ਯੋਗ ਹੋਣਗੇ ਤਾਂ ਸੱਚੇ ਪਾਤਸ਼ਾਹ ਇਨ੍ਹਾਂ ਨੂੰ ਇਨਾਮ-ਬਖਸ਼ੀ ਦਾ ਕੋਈ ਸਾਧਣ ਪੰਥ ਨੂੰ ਦੇਣਗੇ।

ਸਾਨੂੰ ਤਾਂ ਕੇਵਲ ਆਪਣੇ ਹੀ ਦਾਇਰੇ ਵਿਚ ਅਪਣੇ ਵਿੱਤ ਅਨੁਸਾਰ, 'ਆਪ ਜਪੈ ਅਵਰਾ ਨਾਮ ਜਪਾਵੈ' ਦੇ ਮਹਾਂਵਾਕ ਤੇ ਅਮਲ ਕਰਦਿਆਂ ਸਿਖੀ ਪਰਚਾਰ ਕਰਨਾ ਚਾਹੀਦਾ ਹੈ। ਪਰਚਾਰ ਕੇਵਲ ਅਮਲੀ ਜੀਵਨ ਨਾਲ ਹੋਣਾ ਹੈ। ਸਭ ਤੋਂ ਪਹਿਲਾਂ ਅਸੀਂ ਪਰਚਾਰ ਆਪਣੇ ਆਪ ਤੇ ਕਰੀਏ, ਆਪਣਾ ਜੀਵਨ ਦਿਨ ਬਦਿਨ ਬਦਲੀਏ,ਅੰਮ੍ਰਿਤਧਾਰੀ ਬਣੀਏ, ਰਹਿਤ ਬਹਿਤ 'ਚ ਪਰਪੱਕ ਹੋਈਏ ਨਾਮ ਬਾਣੀ ਦੇ ਅਭਿਆਸ ਵਿਚ ਜੁਟੀਏ ਤੇ ਆਚਰਣ ਨੂੰ ਉਚਾਈਏ। 'ਬੁਧ ਸੁ ਦੀਪਕ ਜਿਉ ਉਜਿਆਰੇ' ਬੁਧੀ ਨੂੰ ਉਜਿਆਰਾ ਰਖ ਕੇ ਗੁਰਮੱਤ ਤੇ ਅਨਮੱਤ ਨੂੰ ਨਿਖੇੜ ਸਕੀਏ ਤੇ ਸਾਡੇ ਵਿਚ ਆਣ ਵੜੀਆਂ ਅਨਮਤੀ ਕੁਰੀਤੀਆਂ ਨੂੰ ਕੱਢ ਕੇ ਨਿਰੋਲ ਤੱਤ ਗੁਰਮਤ ਦੇ ਧਾਰਨੀ ਬਣੀਏ। ਸਾਡਾ ਆਪਣਾ ਜੀਵਨ ਦੂਸਰਿਆਂ ਲਈ ਪਰੇਰਨਾ ਬਣ ਸਕੇ। ਇਕ ਸੁਚੱਜੇ ਜੀਵਨ ਦਾ ਜੋ ਪਰਭਾਵ ਦੂਜਿਆਂ ਉਤੇ ਪੈਂਦਾ ਹੈ ਉਸ ਦੀ ਉਦਾਹਰਣ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਪੁਸਤਕ ਜੇਲ੍ਹ ਚਿੱਠੀਆਂ ਦੇ ਪੰਨਾ ੩੦੮ ਤੇ ਲਿਖਦੇ ਹਨ:-'ਕਈ ਖ਼ਾਸ ਖ਼ਾਸ ਸਜਨ ਤਾਂ ਗੁਰਬਾਣੀ ਦੀਆਂ ਧੁਨੀਆਂ ਸੁਣ ਸੁਣ ਗੁਰਸਿੱਖ਼ੀ ਦੇ ਸੱਚੇ ਆਸ਼ਕ ਹੋ ਖੜੋਤੇ, ਕਈ ਸਿਪਾਹੀਆਂ ਨੇ ਕੇਸ ਰਖ ਲਏ ਤੇ ਕਈਆਂ ਨੇ ਧੂਮਰਪਾਨ ਤਿਆਗ ਦਿਤਾ। ਇਹ ਸਭ ਕੁਝ ਬਿਨਾਂ ਉਪਦੇਸ਼ ਦੇ ਹੀ ਹੋਇਆ। ਖਾਲਸਾ ਜੀ ਦੀ ਰਹਿਣੀ ਬਹਿਣੀ ਅਤੇ ਕਰਨੀ ਪੇਖ ਪੇਖ ਹੀ ਉਨ੍ਹਾਂ ਨੂੰ ਗੁਰਸਿਖੀ ਰਹਿਤ ਬਹਿਤ ਦੀ ਰੀਝ ਆ ਗਈ।' ਨਾਲ ਨਾਲ ਧਰਮ ਕਰਮ ਨੂੰ ਪੇਸ਼ਾਵਰ ਪੁਜਾਰੀ ਹੱਥਾਂ ਵਿਚ ਜਾਣ ਤੋਂ ਬਚਾਈਏ। ਧਰਮ ਕਰਮ ਤੇ ਧਰਮ ਸੰਸਕਾਰ ਜਿਥੋਂ ਤਕ ਹੋ ਸਕੇ, ਆਪ ਕਰੀਏ। ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ, ਗੁਰਬਾਣੀ ਦਾ ਕੀਰਤਨ ਆਪ ਸਿਖੀਏ। ਆਪਣੇ ਵੀ ਤੇ ਦੂਜਿਆਂ ਦੇ ਧਰਮ ਸੰਸਕਾਰ ਬਿਨਾ ਮਾਇਆ ਲਏ, ਕੇਵਲ ਗੁਰੂ ਦੀ ਸੇਵਾ ਸਮਝ ਕੇ ਕਰੀਏ। ਇਹ ਨਿਸ਼ਕਾਮ ਸੇਵਾ ਤੇ ਗੁਰਮਤ ਦਾ ਜੀਵਨ ਹੀ ਕੇਵਲ ਪਰਚਾਰ ਦਾ ਸਹੀ ਸਾਧਨ ਹੋ ਸਕਦਾ ਹੈ ਤੇ ਨਾਲ ਨਾਲ ਨਿਜੀ ਕਲਿਆਣ ਦਾ ਭੀ।

----

## ਗੁਰਮਤਿ ਸਮਾਗਮ

ਸਰਬੱਤ ਸੰਗਤਾਂ ਨੂੰ ਇਹ ਜਾਣ ਕੇ ਪ੍ਰਸੰਨਤਾ ਹੋਵੇਗੀ ਕਿ ਮਹੀਨਾ ਅਕਤੂਬਰ ਵਿਚ ਪਿੰਡ ਸਾਂਡਰਾ ਜ਼ਿਲਾ ਹੁਸ਼ਿਆਰਪੁਰ ਵਿਖੇ ਗੁਰਮਤਿ ਸਮਾਗਮ ਰਖਣ ਦਾ ਉਦਮ ਕੀਤਾ ਹੈ, ਜਿਸਦੀ ਪੱਕੀ ਤ੍ਰੀਕ ਤੇ ਪੂਰਾ ਪਰੋਗਰਾਮ ਅਗਲੇ ਮਹੀਨੇ ਦਿਤਾ ਜਾਵੇਗਾ।

ਦਾਸ-ਸੂਬੇਦਾਰ ਮੇਵਾ ਸਿੰਘ,
ਪਿੰਡ ਸਾਂਡਰਾ (ਜ਼ਿਲਾ ਹੁਸ਼ਿਆਰਪੁਰ)

## ਨਾਮ ਦੀ ਤਬਦੀਲੀ

ਦਾਸ ਨਰਿੰਦਰ ਸਿੰਘ ਪਿੰਡ ਕਿਸ਼ਨਗੜ੍ਹ ਤਹਿਸੀਲ ਮੋਗਾ ਨੇ ਆਪਣਾ ਨਾਮ ਸੂਰਜ ਭਾਨ ਤੋਂ ਬਦਲ ਕੇ ਨਰਿੰਦਰ ਸਿੰਘ ਰੱਖ ਲਿਆ ਹੈ! ਅਗੇ ਤੋਂ ਸਭ ਸਜਣ ਦਾਸ ਨੂੰ ਨਰਿੰਦਰ ਸਿੰਘ ਦੇ ਨਾਮ ਨਾਲ ਬੁਲਾਉਣ।

ਦਾਸ-ਨਰਿੰਦਰ ਸਿੰਘ ਸਪੁਤ੍ਰ ਸ੍ਰੀ ਬਾਬੂ ਰਾਮ, ਪਿੰਡ ਕਿਸ਼ਨ ਗੜ੍ਹ, ਤਹਿਸੀਲ ਮੋਗਾ



www.AKJ.Org

# ਗੁਰਮਤ ਪ੍ਰਚਾਰ ਦਾ ਸਭ ਤੋਂ ਉਚਾ ਤੇ ਨਿਰਾਲਾ ਢੰਗ

( ਵਲੋਂ—ਭਾਈ ਸੋਹਨ ਲਾਲ ਸਿੰਘ ਜੀ ਬਨਾਰਸ )

ਪਿਛਲੇ ਲੇਖ ਵਿਚ ਦਸਿਆ ਗਿਆ ਸੀ ਕਿ ਛੋਟਿਆਂ ਬਚਿਆਂ ਨੂੰ ਗੁਰਬਾਣੀ ਨਾਲ ਜੋੜਨ ਵਾਸਤੇ ਕਿਸ ਤਰਾਂ ਉਨ੍ਹਾਂ ਨੂੰ ਇਕੱਤਰ ਕਰਕੇ ਉਨ੍ਹਾਂ ਪਾਸੋਂ ਸੋਦਰ ਦਾ ਪਾਠ ਅਤੇ ਕੀਰਤਨ ਕਰਾਇਆ ਜਾਂਦਾ ਹੈ ਦਾਸ ਭਾਵੇਂ ਦਿੱਲੀ ਤੋਂ ਬਨਾਰਸ ਚਲਾ ਆਇਆ ਸੀ ਪਰ ਹੁਣ ਪਤਾ ਲਗਾ ਹੈ ਉਥੇ ਨੇਤਾ ਜੀ ਨਗਰ ਉਨ੍ਹਾਂ ਬਚੀਆਂ ਦਾ ਉਤਸ਼ਾਹ ਹੋਰ ਵੀ ਵਧ ਗਿਆ ਹੈ ਕਿਉਂਕਿ ਇਹ ਪਰੋਗਰਾਮ ਹਰਮਨ ਪਿਆਰਾ ਹੋ ਗਿਆ ਹੈ ਅਤੇ ਹੋਰ ਸਜਨਾਂ ਨੇ ਵੀ ਇਸ ਦੀ ਬਹੁਤ ਸ਼ਲਾਘਾ ਕੀਤੀ ਹੈ ਅਤੇ ਆਏ ਦਿਨ ਉਹ ਅਪਨੇ ਘਰ ਵਿਚ ਪਾਠ ਅਤੇ ਕੀਰਤਨ ਕਰਾਂਦੇ ਹਨ। ਇਹ ਵੀ ਪਤਾ ਲਗਾ ਹੈ ਕਿ ਉਹ ਬਚੀਆਂ ਹੁਣ ਹੋਰ ਵੀ ਚੜ੍ਹਦੀਆਂ ਕਲਾਂ ਵਿਚ ਹਨ ਕਿਉਂਕਿ ਸ਼ਾਮ ਦੇ ਵਕਤ ਪਾਠ ਅਤੇ ਕੀਰਤਨ ਦੇ ਇਲਾਵਾ ਉਹ ਹੁਣ ਅੰਮ੍ਰਿਤ ਵੇਲੇ ਆਸਾ ਦੀ ਵਾਰ ਦਾ ਕੀਰਤਨ ਵੀ ਕਰਦੀਆਂ ਹਨ। ਦਾਸ ਉਨ੍ਹਾਂ ਨੂੰ ਕਦੀ ਛੁਟੀ ਵਾਲੇ ਦਿਨ ਆਸਾ ਦੀ ਵਾਰ ਦਾ ਕੀਰਤਨ ਕਰਾਂਦਾ ਸੀ ਪਰ ਹੁਣ ਗਰਮੀ ਦੀਆਂ ਛੁਟੀਆਂ ਦੇ ਕਾਰਨ ਸਕੂਲ ਬੰਦ ਹਨ ਇਸ ਵਾਸਤੇ ਉਨ੍ਹਾਂ ਨੂੰ ਹਰ ਰੋਜ਼ ਅੰਮ੍ਰਿਤ ਵੇਲੇ ਵੀ ਵਕਤ ਮਿਲ ਜਾਂਦਾ ਹੈ ਇਸਤਰਾਂ ਦਾ ਪ੍ਰੋਗਰਾਮ ਬਹੁਤ ਸ਼ਲਾਘਾ ਯੋਗ ਹੈ।

ਇਹ ਦੇਖਣ ਵਿਚ ਆਇਆ ਹੈ ਕਿ ਜੇਕਰ ਕੋਈ ਸਜਨ ਬਚਿਆਂ ਨੂੰ ਉਤਸ਼ਾਹ ਦੇਣ ਵਾਲਾ ਹੋਵੇ ਤਾਂ ਬੱਚੇ ਬਹੁਤ ਜਲਦੀ ਗੁਰਬਾਣੀ ਨਾਲ ਜੁੜ ਕੇ 'ਆਪ ਜਪੇ ਅਵਰਾ ਨਾਮ ਜਪਾਵੈ' ਦਾ ਕੰਮ ਸੁਤੇ ਹੀ ਕਰ ਸਕਦੇ ਹਨ ਅਤੇ ਇਸ ਤਰਾਂ ਦਾ ਪਰਚਾਰ ਕੀਤਾ ਹੋਇਆ ਉਨ੍ਹਾਂ ਵਿਚ ਗੁਰਬਾਣੀ ਦਾ ਪਿਆਰ ਅਤੇ ਸਤਕਾਰ ਵਧਾਂਦਾ ਹੈ ਇਸ ਦੇ ਇਲਾਵਾ ਬਚੀਆਂ ਸੁਤੇ ਹੀ ਕੀਰਤਨ ਕਰਨਾ ਸਿਖ ਜਾਂਦੀਆਂ ਹਨ। ਇਸ ਦਾ ਅਸਰ ਉਨ੍ਹਾਂ ਦੇ ਮਾਤਾ ਪਿਤਾ ਦੇ ਇਲਾਵਾ ਪੜੋਸੀਆਂ ਦੇ ਬਚਿਆਂ ਤੇ ਵੀ ਪੈਂਦਾ ਹੈ। ਇਹ ਬਚੀਆਂ ਜਿਸ ਘਰ ਵਿਚ ਜਾਣਗੀਆਂ ਬਾਣੀ ਪੜ੍ਹਕੇ ਅਤੇ ਕੀਰਤਨ ਕਰਕੇ ਸਾਰੇ ਪਰੀਵਾਰ ਵਿਚ ਮਾਨ ਪਾਣਗੀਆਂ। ਇਨ੍ਹਾਂ ਦੀ ਰੁਚੀ ਕਦੀ ਫ਼ਿਲਮੀ ਗਾਣੇ ਵਲ ਯਾ ਗੰਦੇ ਫ਼ੈਸ਼ਨ ਕਰਨ ਵਲ ਨਹੀਂ ਜਾਏਗੀ।

ਇਸ ਵਾਸਤੇ ਇਹ ਦਾਸ ਦੀ ਇਹ ਬੇਨਤੀ ਹੈ ਕਿ ਹਰ ਜਗਾਹ ਇਸ ਢੰਗ ਦਾ ਪਰਚਾਰ ਕੀਤਾ ਜਾਏ। ਲੋਕਲ ਸਿੰਘ ਸਭਾਵਾਂ ਯਾ ਗੁਰਦੁਆਰਿਆਂ ਦੇ ਗ੍ਰੰਥੀ ਸਜਨ ਜੇ ਚਾਹਨ ਤਾਂ ਇਸ ਤਰਾਂ ਦਾ ਪਰਚਾਰ ਕਰਨਾ ਕੋਈ ਮੁਸ਼ਕਲ ਕੰਮ ਨਹੀਂ ਹੈ।

ਗੁਰਬਾਣੀ ਪੜ੍ਹਨ ਵਾਸਤੇ ਇਹ ਵੀ ਜ਼ਰੂਰੀ ਹੈ ਕਿ ਹਰ ਸਿਖ ਬੱਚਾ ਪੰਜਾਬੀ ਪੜ੍ਹਨਾ ਚੰਗੀ ਤਰ੍ਹਾਂ ਜਾਣਦਾ ਹੋਵੇ। ਜਿਥੇ ਬੱਚੇ ਪੰਜਾਬੀ ਨਹੀਂ ਜਾਣਦੇ ਯਾ ਐਸੇ ਸਕੂਲਾਂ ਵਿਚ ਪੜ੍ਹਦੇ ਹਨ ਜਿਥੇ ਪੰਜਾਬੀ



www.AKJ.Org

ਨਹੀਂ ਪੜ੍ਹਾਈ ਜਾਂਦੀ ਉਥੇ ਪੰਜਾਬੀ ਪੜ੍ਹਾਨ ਦਾ ਪ੍ਰਬੰਧ ਕਰਨਾ ਵੀ ਲੋਕਲ ਸਿੰਘ ਸਭਾਵਾਂ ਦਾ ਫ਼ਰਜ਼ ਹੈ। ਜੇ ਨਾ ਹੋ ਸਕੇ ਤਾਂ ਬਚਿਆਂ ਦੇ ਮਾਤਾ ਪਿਤਾ ਉਹਨਾਂ ਨੂੰ ਘਰ ਵਿਚ ਆਪ ਪੰਜਾਬੀ ਪੜ੍ਹਾਣ। ਇਸ ਵਾਸਤੇ ਥੋੜਾ ਜਿਹਾ ਵਕਤ ਅਤੇ ਧਿਆਨ ਦੇਣਾ ਬਹੁਤ ਜ਼ਰੂਰੀ ਹੈ। ਹਰ ਇਕ ਸਿਖ ਬੱਚਾ ਬੱਚੀ ਛੋਟੀ ਉਮਰ ਵਿਚ ਹੀ ਪੰਜਾਬੀ ਤੋਂ ਜਾਣੂ ਹੋਣਾ ਚਾਹੀਦਾ ਹੈ। ਮਾਪਿਆਂ ਦਾ ਪਹਿਲਾ ਫ਼ਰਜ਼ ਹੈ ਕਿ ਉਹ ਆਪਣੇ ਬਚਿਆਂ ਨੂੰ ਗੁਰਬਾਣੀ ਨਾਲ ਜੋੜਨ। ਇਸ ਵਾਸਤੇ ਪਹਿਲਾਂ ਉਹਨਾਂ ਨੂੰ ਪੰਜਾਬੀ ਦੀ ਗਿਆਤ ਕਰਾਣਾ ਬਹੁਤ ਲਾਜ਼ਮੀ ਹੈ।

ਦਾਸ ਦੇ ਤਜਰਬੇ ਵਿਚ ਆਇਆ ਹੈ ਕਿ ਹਿੰਦੂ ਅਤੇ ਹੋਰ ਮਤਾਂ ਦੇ ਬਚੇ ਵੀ ਪੰਜਾਬੀ ਪੜ੍ਹਨ ਨੂੰ ਤਿਆਰ ਹੋ ਜਾਂਦੇ ਹਨ ਪਰ ਜੇ ਸਾਡੇ ਵਲੋਂ ਕੋਈ ਐਸਾ ਇੰਤਜ਼ਾਮ ਹੋਵੇ ਤਾਂ। ਦਾਸ ਦੇ ਪਾਸ ਹਿੰਦੂਆਂ ਦੇ ਲੜਕੇ ਅਤੇ ਲੜਕੀਆਂ ਪੰਜਾਬੀ ਜ਼ਿਆਦਾ ਪ੍ਰੇਮ ਅਤੇ ਉਤਸ਼ਾਹ ਨਾਲ ਪੜ੍ਹਦੇ ਸੀ ਬਲਕਿ ਇਕ ਈਸਾਈ ਲੜਕਾ ਵੀ ਬੜੇ ਸ਼ੌਕ ਨਾਲ ਪੰਜਾਬੀ ਪੜ੍ਹਦਾ ਸੀ ਅਤੇ ਦੂਸਰੇ ਬਚਿਆਂ ਨਾਲ ਰਲ ਕੇ ਮੂਲ ਮੰਤਰ, ਜਪਜੀ ਸਾਹਿਬ ਅਤੇ ਸ਼ਬਦ ਪੜ੍ਹਦਾ ਤੇ ਸੁਣਾਂਦਾ ਸੀ। ਗੁਰੂ ਘਰ ਦੀਆਂ ਸਾਖੀਆਂ ਵੀ ਸੁਣਦਾ ਅਤੇ ਪੜ੍ਹਦਾ ਸੀ ਉਸਨੂੰ ਦਸਾਂ ਪਾਤਸ਼ਾਹੀਆਂ ਦੇ ਨਾਉਂ ਪੰਜਾਂ ਪਿਆਰਿਆਂ ਅਤੇ ਸਾਹਿਬਜ਼ਾਦਿਆਂ ਦੇ ਨਾਉਂ ਵੀ ਯਾਦ ਹੋ ਗਏ ਸੀ। ਸੋ ਪੰਜਾਬੀ ਪੜ੍ਹਾਣਾ ਵੀ ਗੁਰਮਤ ਪਰਚਾਰ ਦਾ ਇਕ ਉਚਾ ਅਤੇ ਨਿਰਾਲਾ ਢੰਗ ਹੈ। ਅਨਮਤਾਂ ਦੇ ਬਚਿਆਂ ਨੂੰ ਹੋਰ ਜ਼ਿਆਦਾ ਪ੍ਰੇਮ ਨਾਲ ਆਪਣੇ ਪਾਸ ਬਿਠਾਣਾ ਅਤੇ ਉਹਨਾਂ ਨੂੰ ਪੰਜਾਬੀ ਪੜ੍ਹਨ ਦੀ ਪਰੇਰਨਾ ਕਰਨਾ ਸਾਡਾ ਉਦੇਸ਼ ਹੋਣਾ ਚਾਹੀਦਾ ਹੈ।

ਗੁਰਮਤ ਪਰਚਾਰ ਦਾ ਬੂਟਾ ਬਚਿਆਂ ਦੇ ਮਨਾਂ ਵਿਚ ਲਗਾ ਕੇ ਉਸਨੂੰ ਪਰਫੁਲਤ ਕਰਨਾ ਸਾਡਾ ਮੁਖ ਮੰਤਵ ਹੋਣਾ ਚਾਹੀਦਾ ਹੈ ਫਿਰ ਦੇਖੋਗੇ ਕਿ ਉਹ ਬੱਚੇ ਜਿਨਾਂ ਨੂੰ ਗੁਰਬਾਣੀ ਦੀ ਗੁੜ੍ਹਤੀ ਮਿਲੀ ਹੋਵੇ ਉਹ ਕਦੀ ਨਾ ਡੋਲਣਗੇ ਤੇ ਨਾ ਡਿਗਣਗੇ ਅਤੇ ਹਮੇਸ਼ਾ ਰਹਿਤ ਬਹਿਤ ਵਿਚ ਪੱਕੇ ਰਹਿਣਗੇ।

(ਚਲਦਾ)

## ਗੁਰੂ ਕਾਂਸ਼ੀ, ਦਮਦਮਾ ਸਾਹਿਬ (ਤਲਵੰਡੀ ਸਾਬੋ ਕੀ) ਵਿਖੇ ਸਮਾਗਮ

ਭਾਈ ਮਹਿੰਦਰ ਸਿੰਘ ਜੀ ਪਟਿਆਲਾ ਸੂਚਨਾ ਦੇਂਦੇ ਹਨ ਕਿ ਪਿਛਲੇ ਸਾਲ ਦੀ ਤਰਾਂ ਇਸ ਸਾਲ ਵੀ ਗੁਰੂ ਕੀ ਕਾਂਸ਼ੀ ਗੁਰਦੁਆਰਾ ਦਮਦਮਾ ਸਾਹਿਬ (ਜਿਸਨੂੰ ਹੁਣ ਤਖਤ ਸਾਹਿਬ ਦਾ ਮਾਣ ਵੀ ਪ੍ਰਾਪਤ ਹੈ) ਵਿਖੇ **29, 30** ਅਗਸਤ ਤੇ **1** ਸਤੰਬਰ **1969,** ਦਿਨ ਸ਼ੁਕਰ, ਸਨਿਚਰ ਤੇ ਐਤਵਾਰ ਨੂੰ ਕੀਰਤਨ ਤੇ ਵਖਿਆਨ ਸਮਾਗਮ ਬੜੀ ਸਜ ਧਜ ਨਾਲ ਮਨਾਇਆ ਜਾ ਰਿਹਾ ਹੈ। ਇਹ ਉਹ ਸੁਭ ਦਿਹਾੜਾ ਹੈ ਜਿਸ ਦਿਨ ਦਮਦਮੀ ਬੀੜ ਦਾ ਪਹਿਲਾ ਪ੍ਰਕਾਸ਼ ਹੋਇਆ ਸੀ। ਇਸ ਲਈ ਸਰਬੱਤ ਸੰਗਤਾਂ ਪਿਛਲੇ ਸਾਲ ਦੀ ਤਰਾਂ ਹੁਮ ਹੁਮਾ ਕੇ ਦਰਸ਼ਨ ਬਖਸ਼ ਕੇ ਯਾਤਰਾ ਸਫ਼ਲ ਕਰਨ। ਵੇਰਵੇ ਸਹਿਤ ਪੂਰਾ ਪ੍ਰਗਰਾਮ ਅਗਲੇ ਮਹੀਨੇ ਦੇ 'ਸੂਰਾ' ਵਿਚ ਦਿਤਾ ਜਾਵੇਗਾ।

—ਐਡੀਟਰ—



www.AKJ.Org

# ਗੁਰ-ਸਿੱਖ ਮੀਤ—ਨੰ: ੪

(ਵਲੋਂ–ਗਿ: ਦਲਜੀਤ ਸਿੰਘ ਜੀ 'ਕਮਲ' ਨਾਸਿਕ ਸਿਟੀ)

[ ਲੜੀ ਜੋੜਨ ਲਈ ਦੇਖੋ ਜੂਨ 1969 ਦਾ ਪਰਚਾ ]

## ਪੁਸਤਕਾਂ ਦਾ ਅਸਰ

ਪਹਾੜੀ ਦੀ ਰੈਣ ਸਭਾਈ ਉਪਰੰਤ ਦਾਸ ਨੇ ਸ਼੍ਰੀਮਾਨ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੀਆਂ ਪੁਸਤਕਾਂ ਪੜ੍ਹਨੀਆਂ ਸ਼ੁਰੂ ਕੀਤੀਆਂ । ਸਭ ਤੋਂ ਪਹਿਲਾਂ ਇਕੋ ਹੀ ਦਿਨ ਅਤੇ ਰਾਤ ਅੰਦਰ ਜੇਲ੍ਹ-ਚਿਠੀਆਂ ਪੜ੍ਹੀਆਂ । ਬਸ ਹਿਰਦੇ ਅੰਦਰ ਲਟਕ ਹੀ ਐਸੀ ਸੀ ਕਿ ਜਿਵੇਂ ਇਕ-ਟਕ ਲਗਾਤਾਰ ਸ੍ਰੀ ਅਖੰਡ ਪਾਠ ਸਾਹਿਬ ਕਰੀਦਾ ਹੈ ਇਸੇ ਹੀ ਤਰ੍ਹਾਂ ਜੇਲ੍ਹ-ਚਿੱਠੀਆਂ ਦੀ ਸਮਾਪਤੀ ਕੀਤੀ। ਬਸ ਫਿਰ ਤੇ ਮਨ ਏਡਾ ਕਾਹਲਾ ਪਿਆ ਕਿ ਉਡਕੇ ਵੀ ਭਾਈ ਸਾਹਿਬ ਜੀ ਦੇ ਦਰਸ਼ਨ ਕਰੀਏ ਜਿਨ੍ਹਾਂ ਏਡੀਆਂ ਕਰੜੀਆਂ ਘਾਲਾਂ ਤੇ ਮੁਸ਼ੱਕਤਾਂ ਸਹਿਤ ਗੁਰਸਿਖੀ ਕਮਾਈ ਹੈ, ਪਰ ਅਜੇ ਸਮਾਂ ਹੋਰ ਉਡੀਕ ਕਰਨ ਲਈ ਕਹਿ ਰਿਹਾ ਸੀ। ਦਾਸ ਨੇ ਥੋੜੇ ਦਿਨਾਂ ਅੰਦਰ ਹੀ ਗੁਰਮਤਿ ਕਰਮ ਫ਼ਿਲਾਸਫ਼ੀ ਪੜ੍ਹੀ ਤੇ ਹੋਰ ਗੁਰਮਤਿ ਨਿਰਣੈ, ਸੰਤ-ਪਦ ਨਿਰਣੈ ਆਦਿ ਪੁਸਤਕਾਂ ਪੜ੍ਹੀਆਂ ਤੇ ਹੋਰ ਛੋਟੇ ਛੋਟੇ ਟ੍ਰਕਟ ਇਹਨਾਂ ਵਿਚ ਅਤਿ ਗੂੜ ਅਵਸਥਾ ਤੇ ਗਿਆਨ ਦਾ ਸਮੁੰਦਰ ਠਾਠਾਂ ਮਾਰਦਾ ਨਜ਼ਰ ਆਇਆ ਪਰ ਵਾਹ ਵਾਹ ਇਹ ਕੀ ? ਜਦੋਂ ਇਹਨਾਂ ਦੀਦਿਆਂ ਨੇ ਗੁਰਮਤਿ-ਬਬੇਕ-ਪੁਸਤਕ ਦਾ ਦੀਦਾਰ ਕੀਤਾ ਤੇ ਬੜੇ ਚਾਵਾਂ ਸਹਿਤ ਇਸਦਾ ਇਕ ਇਕ ਅਖਰ,ਪੜ ਪੜ ਵਿਚਾਰਨਾ ਸ਼ੁਰੂ ਕੀਤਾ। ਕਿਆ ਕਮਾਲ ਹੈ ਇਹ ਅਖਰ ਕੀ ਹਨ ਸੁਚੇ ਰਤਨ ਤੇ ਮੋਤੀ ਪ੍ਰੋ ਰਖੇ ਸਨ ਪੜ੍ਹਦਿਆਂ ਪੜ੍ਹਦਿਆਂ ਜਦੋਂ ਦਾਸ ਨੇ ਸਰਬਲੋਹ ਬਬੇਕ ਦਾ ਕਾਲਮ ਪੜ੍ਹਿਆ-ਤੇ ਵਿਸਮਾਦ ਹੀ ਵਿਸਮਾਦ ਪਤਾ ਨਹੀਂ ਲਗਾ ਕੇ ਜੀ ਭਿਆਣਾ ਕਿਧਰ ਉਡਾਰੀ ਮਾਰ ਗਾਇਬ ਹੋ ਗਿਆ ਮਨ ਕੰਬ ਉਠਿਆ ਸੋਚਾਂ ਦੇ ਸਾਗਰ ਵਿਚ ਚੁਬੇ ਲਗ ਗਏ ਜਦੋਂ ਨੇਤਰਾਂ ਨੇ ਇਹਨਾਂ ਸਤਰਾਂ ਦੇ ਦਰਸ਼ਨ ਕੀਤੇ ਤੇ ਇਹ ਪੜ੍ਹਿਆ ਕੇ ਕਲਗੇਸ਼ ਪਿਤਾ ਜੀ ਦੀ ਦਿਤੀ ਸਰਬ ਲੋਹ ਦੀ ਗੁੜ੍ਹਤੀ ਨੂੰ ਭੁਲਕੇ ਬਹੁਤ ਸਾਰੇ ਅੰਮ੍ਰਿਤ-ਧਾਰੀ ਸਿੰਘ ਭੀ ਕਚ, ਕਾਂਸ਼ੀ ਤੇ ਪਿਤਲ ਦੇ ਬਰਤਨਾਂ ਅੰਦਰ ਚੜ੍ਹਲ ਮਾਰਦੇ ਹਨ ਬਸ ਇਹ ਸਤਰਾਂ ਕੀ ਸਨ ਮੇਰੇ ਵਾਸਤੇ ਤੇ ਤਿਖੇ ਤੀਰ ਸਨ ਜਿਹਨਾਂ ਨੇ ਇਸ ਮੂਰਖ ਦੇ ਮਨ ਤੇ ਪੂਰਾ ਪੂਰਾ ਅਸਰ ਕੀਤਾ ਮੈਂ ਬਹੁਤ ਹੈਰਾਨ ਸਾਂ ਕੇ ਇਸ ਗਲ ਤੋਂ ਮੈਨੂੰ ਕਿਸੇ ਵੀ ਗੁਰਮੁਖਿ ਵੀਰ ਨੇ ਸੁਚੇਤ ਨਹੀਂ ਕੀਤਾ ਕੇ ਖ਼ਾਲਸੇ ਨੇ ਦਸਮੇਸ਼ ਪਿਤਾ ਕਲਗੀਧਰ ਜੀ ਦੀ ਸਰਬ ਲੋਹੀ ਗੁੜ੍ਹਤੀ ਅੰਮ੍ਰਿਤ ਦੀ ਦਾਤ ਪਰਾਪਤ ਕਰ ਨਿਆਰੇ ਕਿਵੇਂ ਰਹਿਣਾ ਹੈ ਬਸ ਪੁਸਤਕ ਉਥੇ ਹੀ ਬੰਦ ਕਰ ਦਿਤੀ ਤੇ ਮਨ ਅੰਦਰ ਇਹ ਪਕਾ ਫ਼ੈਸਲਾ ਕਰ ਲੀਤਾ ਕੇ ਮਨਾ ਧ੍ਰਿਗ ਹੈ ਤੇਰੀ ਜ਼ਿੰਦਗੀ



www.AKJ.Org

ਨੂੰ ਉਚੀ ਸੁਚੀ ਦਾਤ ਪਰਾਪਤ ਕਰਕੇ ਵੀ ਮਨ ਨੂੰ ਸਿਧੇ ਰਸਤੇ ਗੁਰਮਤ ਗਾਡੀ ਰਾਹ ਤੇ ਨਾ ਲਾਇਆ ਤੇ ਫਿਰ ਕਦੋਂ ਸਮਾਂ ਮਿਲੇਗਾ ਬਸ ਅਜ ਘਟ ਦੇ ਅੰਦਰੋਂ ਕਾਂਸੀ ਪਿਤਲ ਖਤਮ ਕਰਕੇ ਸਰਬ ਲੋਹ ਦੀਆਂ ਦਾਤਾਂ ਪ੍ਰਾਪਤ ਕਰਨੀਆਂ ਹਨ। ਸਤਗੁਰੂ ਜੀ ਨੇ ਇਹ ਵੀ ਵਡੀ ਬਖਸ਼ਸ਼ ਕੀਤੀ ਹੋਈ ਸੀ ਕੇ ਦਾਸ ਦੀ ਸਿੰਘਣੀ ਬਹੁਤ ਆਗਿਆ ਕਾਰ ਬਖ਼ਸ਼ੀ ਹੋਈ ਸੀ ਉਸਨੂੰ ਕਿਹਾ ਭਲੀਏ ਲੋਕੇ ਅਜ ਖਾਲਸੇ ਨੇ ਸਰਬ ਲੋਹੀ ਲੰਗਰ ਹੀ ਛਕਣੇ ਹਨ ਕਿਰਪਾ ਕਰ ਤੇ ਜਿਹੜੇ ਪਹਿਲੇ ਘਰ ਅੰਦਰ ਬਰਤਨ ਹਨ ਇਹਨਾਂ ਨੂੰ ਛੁਟੀਆਂ ਦੇਣੀਆਂ ਹਨ ਸਤਿਗੁਰੂ ਜੀ ਦੇ ਪਿਆਰ ਅੰਦਰ ਉਹਨਾਂ ਸਤ ਬਚਨ ਕਹਿ ਸਿਰ ਝੁਕਾਇਆ ਤੇ ਉਹਨਾਂ ਸਾਰੇ ਬਰਤਨ ਬੋਰੀਆਂ ਵਿਚ ਬੰਦ ਕਰ ਦਿਤੇ ਤੇ ਦਾਸ ਜਾਕੇ ਬਜ਼ਾਰ ਮਹਿੰਗੇ ਸਸਤੇ ਭਾ ਸਾਰੇ ਵੇਚ ਆਇਆ।

ਆਗਿਆ ਕਾਰ ਧਰਮ ਪਤਨੀ ਨੇ ਵਿਆਹ ਵਿਚ ਦਾਜ ਦੇ ਬਰਤਨਾਂ ਨੂੰ ਵੀ ਘਰ ਨਹੀਂ ਰਖਿਆ ਧੰਨ ਸੀ ਉਸਦਾ ਵਡਾ ਜਿਗਰਾ ਦਾਸ ਬਹੁਤ ਸਾਰੇ ਸਰਬਲੋਹੀ ਬਾਟੇ ਤੇ ਕੜਾਹੀਆਂ ਆਦਿ ਖ਼ਰੀਦ ਲਿਆਇਆ ਕੁਦਰਤਿ ਨੇ ਐਸਾ ਖੇਲ ਵਰਤਾਇਆ ਨੇੜੇ ਹੀ ਖੂਹ ਵੀ ਮਿਲ ਗਏ ਨਹੀਂ ਤੇ ਬੰਬਈ ਵਿਚ ਖੂਹ ਦੀ ਕੋਈ ਆਸ ਹੀ ਨਹੀਂ ਸੀ ਸਵੇਰ ਸਾਰ ਦਾਸ ਵੀਰ 'ਪੂਰਨ' ਜੀ ਹੋਰਾਂ ਪਾਸ ਚਾਂਈ ਚਾਂਈ ਗਿਆ ਤੇ ਅਨਭੋਲ ਬਚੇ ਵਾਂਗ ਜਾ ਸਵਾਲ ਕੀਤਾ ਕੀ? ਵੀਰ ਜੀ ਤੁਸੀਂ ਗੁਰਮਤਿ ਬਬੇਕ ਨਹੀਂ ਪੜ੍ਹਿਆ ਉਹ ਮੇਰੀ ਮਨ ਦੀ ਹਾਲਤ ਨੂੰ ਭਾਂਪ ਗਏ ਕੇ ਦਾਸ ਕੀ ਕਹਿਣਾ ਚਾਹੁੰਦਾ ਹੈ ਹਸਕੇ ਕਹਿਣ ਲਗੇ ਯਾਰ ਅਸੀਂ ਪੜ੍ਹਿਆ ਨਹੀਂ ਗੁੜਿਆ ਹੈ ਜਿਸ ਵੇਲੇ ਪ੍ਰੇਮ ਗਲਵਕੜੀ ਪਾਕੇ ਖੰਡੇ ਖੜਕਾਏ ਤੇ ਭੋਲੀ ਜਿਹੀ ਅਵਸਥਾ ਅੰਦਰ ਵੀਰ ਜੀ ਨੂੰ ਦਸਿਆ ਵੀਰ ਜੀ ਦਾਸ ਨੇ ਪਿਤਲ ਦੇ ਸਾਰੇ ਬਰਤਨ ਵੇਚਕੇ ਸਰਬ ਲੋਹ ਦੇ ਬਰਤਨ ਲੈ ਆਂਦੇ ਹਨ ਵੀਰ ਜੀ ਬਹੁਤ ਹੀ ਖੁਸ਼ ਹੋਏ ਨਿਹਾਲ ਨਿਹਾਲ ਹੀ ਹੁੰਦੇ ਜਾਣ ਇਹਨਾਂ ਦਿਨਾਂ ਅੰਦਰ ਹੀ ਵੀਰ ਜੀ ਦਰਸ਼ਨ ਸਿੰਘ ਜੀ ਦੀ ਬਦਲੀ ਬੰਬਈ ਤੋਂ ਰੰਗੂਨ ਬਰਮਾ ਵਿਚ ਹੋ ਗਈ ਤੇ ਸਾਡੇ ਸਾਰਿਆਂ ਦੇ ਮਨਾਂ ਤੇ ਇਸ ਵਿਛੋੜੇ ਨੇ ਡੂੰਘਾ ਅਸਰ ਕੀਤਾ ਪਰ 'ਪੂਰਨ' ਜੀ ਹੋਰਾਂ ਦੇ ਹੋਣ ਕਰਕੇ ਫ਼ਿਰ ਵੀ ਕਾਫੀ ਹੌਸਲਾ ਸੀ ਦਾਸ ਬਹੁਤ ਹੀ ਅਲਹੜ ਤੇ ਅਨਜਾਣ ਸੀ ਇਸ ਲਈ ਮਨ ਅੰਦਰ ਬੜੇ ਲਹਾ ਚੜ੍ਹਾ ਆਵਣ ਲਗੇ ਤੇ ਬਹੁਤ ਸਾਰੇ ਇਹ ਵੀ ਕਹਿਣ ਲਗੇ 'ਦਲਜੀਤ ਸਿੰਘ' ਇਹ ਬੜਾ ਕਰੜਾ ਤੇ ਸਖ਼ਤ ਪਹਿਰਾ ਹੈ ਇਹ ਤੇਰੇ ਕੋਲੋਂ ਨਿਭਣਾ ਬੜਾ ਕਠਨ ਹੈ ਦਾਸ ਵੀ ਡਰ ਗਿਆ ਪਰ ਮਨ ਅੰਦਰ ਚਾ ਬੜਾ ਸੀ ਸੋਚਿਆ ਮਨਾਂ ਜਿਹਨਾਂ ਨੇ ਜੇਲ ਦੀਆਂ ਕਾਲ ਕੋਠੜੀਆਂ ਵਿਚ ਵੀ ਇਸ ਪਹਿਰੇ ਨੂੰ ਨਿਭ ਇਆ ਵੇ ਉਨ੍ਹਾਂ ਦੀ ਸਲਾਹ ਲਈਏ ਖਾਂ ਉਹ ਕੀ ਫੁਰਮਾਨ ਕਰਦੇ ਹਨ।

## ਪਹਿਲੀ ਪ੍ਰੇਮ ਪੱਤਰਕਾ

ਦਾਸਰੇ ਨੇ ਬੜੇ ਹੀ ਪਿਆਰ ਨਾਲ ਸ੍ਰੀ ਭਾਈ ਸਾਹਿਬ ਜੀ ਨੂੰ 79 ਮਾਡਲ ਟਾਊਨ ਲੁਧਿਹਾਣੇ ਪੱਤਰਕਾ ਲਿਖੀ ਜਿਸ ਵਿਚ ਸ਼ੁਰੂ ਤੋਂ ਲੈਕੇ ਸਾਰੇ ਹਾਲਾਤ ਲਿਖੇ ਤੇ ਅਖੀਰ ਤੇ ਇਹ ਬੇਨਤੀ ਕੀਤੀ ਕਿ ਦਾਸਰੇ ਮਨ ਅੰਦਰ ਪੱਕੀ ਅਰਦਾਸ ਕਰਾਣ ਵਾਸਤੇ ਬੜੀ ਤੀਬਰ ਇਛਾ ਹੈ ਪਰ ਬੰਬਈ ਵਰਗੇ ਸ਼ਹਿਰ ਅੰਦਰ ਬੜੀਆਂ ਮੁਸ਼ਕਲਾਂ ਹਨ ਤੇ ਦੂਸਰੇ ਕਈ ਪਿਆਰੇ ਡਰਾ ਰਹੇ ਹਨ ਆਪ ਜੀ



www.AKJ.Org

ਕਿਰਪਾ ਕਰੋ ਅਸੀਸ ਬਖਸ਼ੋ ਤੇ ਹੁਕਮ ਕਰੋ ਇਹ ਸਰਬ ਲੋਹੀ ਕਾਰ ਕਿਵੇਂ ਬਣ ਆਵੇ ਜ਼ਿਆਦਾ ਵਿਸਥਾਰ ਵਿਚ ਨਾ ਜਾਵਾਂ ਜਿਸ ਵੇਲੇ ਦਾਸ ਦਾ ਇਹ ਪਹਿਲਾ ਪ੍ਰੇਮ-ਪਤਰ ਪੁਜਾ ਤੇ ਆਪ ਜੀ ਬਹੁਤ ਹੀ ਹਸੇ ਤੇ ਏਡੇ ਗਦ-ਗਦ ਹੋਇ ਕਿ ਬਸ ਕਿਆ ਕਹਿਣਾ ਹੈ ਕਹਿਣ ਲਗੇ ਵਾਹ ਵਾਹ ਕਲਗੀਧਰ ਪਿਤਾ ਇਹੋ ਜਿਹੇ ਤੇਰੇ ਬਚੇ ਹੜੰਬਾ ਧਰਤੀ ਅੰਦਰ ਵੀ ਬੈਠੇ ਹੋਇ ਹਨ ਬਹੁਤ-ਪਿਆਰ ਵਿਚ ਆਕੇ ਠੰਢੇ ਸਾਹ ਭਰੇ ਮਾਨੋ ਇਹ ਦਸਮੇਸ਼ ਜੀ ਦਾ ਸ਼ੁਕਰਾਨਾ ਸੀ ਕਿ ਸ਼ੁਕਰ ਹੈ ਤੇਰਾ ਕੇ ਤੱਤ ਗੁਰਮਤਿ ਦੇ ਪਾਂਧੀ ਤੇਰੀ ਕਿਰਪਾ ਤੇ ਰਹਿਮਤ ਸਦਕਾ ਨਿਤ ਨਵੇਂ ਸੂਰਜ ਪੈਦਾ ਹੁੰਦੇ ਹੀ ਰਹਿੰਦੇ ਹਨ ਪੰਥ ਦੇ ਵਾਲੀ ਤਨ, ਮਨ, ਕੁਰਬਾਨ ਹੈ ਆਪ ਜੀ ਦੀ ਪਿਆਰੀ ਸਿਖੀ ਤੋਂ ਪਿਆਰੇ ਜੀ ਆਪ ਜੀ ਦੇ ਹੀ ਹੁਕਮ ਤਾਂ ਹਨ ਕਿ ਹੇ ਗੁਰਸਿਖ ਮਿਤਰੋ ਗੁਰਮਤਿ ਚਲਾਈ ਚਾਲ ਤੇ ਚਲਕੇ ਸੁਚ, ਸਚ ਤੇ ਸੰਜਮ ਅੰਦਰ ਰਹਿ ਕੇ ਨਾਮ ਦੀਆਂ ਕਮਾਈਆਂ ਕਰੋ ਫਿਰ ਬਾਹਰ ਮੁਖੀ ਬਿਰਤੀ ਕਰ 'ਕੋਮਲ' ਜੀ ਹੋਰਾਂ ਨੂੰ ਹੁਕਮ ਕੀਤਾ ਲਿਖੋ ਦਲਜੀਤ ਸਿੰਘ ਨੂੰ ਚਿਠੀ ਆਪ ਜੀ ਨੇ ਉਹ ਚਿਠੀ ਦੀ ਲਿਖਵਾਈ ਅਗਮ ਨਿਗਮ ਦੀ ਸੋਝੀ ਸੀ ਉਸ ਅੰਦਰ ਬੜੀਆਂ ਉਕਤਾਂ, ਜੁਗਤਾਂ, ਸੁਝਾਂ, ਬੂਝਾਂ ਦੇ ਗੁਝੇ ਭੇਦ ਦਸੇ ਤੇ ਅਖ਼ੀਰ ਤੇ 'ਕੋਮਲ' ਜੀ ਪਾਸੋਂ ਚਿਠੀ ਫੜਕੇ ਅਪਣੇ ਕਰ ਕਮਲਾਂ ਨਾਲ ਆਪਣੀ ਪਿਆਰ ਭਰੀ ਛੁਹ ਦਿਤੀ ਤੇ ਲਿਖਿਆ (ਵਿਲੰਬ ਪਾਪੰ ਨਾ ਬਿਲੰਬ ਧਰਮੰ ।।)

ਦਾਸ:—ਰਣਧੀਰ ਸਿੰਘ ਲੁਧਿਆਣਾ ।

ਗੁਰਸਿਖਾਂ ਮੀਤਾਂ ਦੀ ਇਹ ਚਿਠੀ ਦਾਸ ਪਾਸ ਬੰਬਈ ਸਦਨਵਾੜੀ ਭਾਂਡੁਪ ਪੁਜੀ ਬਸ ਜਦੋਂ ਇਸ ਨੂੰ ਪੜ੍ਹਿਆ ਤੇ ਅਖੀਰਲੇ ਸਲੋਕ ਅਤੇ ਭਾਈ ਸਾਹਿਬ ਜੀ ਦੇ ਦਾਸ ਰਣਧੀਰ ਸਿੰਘ ਵਾਲੇ ਸ਼ਬਦ ਨੇ ਤੇ ਇਕ ਦਮ ਹਿਰਦਾ ਕੰਬਾ ਦਿਤਾ ਕਿ ਏਡੀ ਉਚੀ ਸੁਚੀ ਜ਼ਿੰਦਗੀ ਵਾਲੇ ਪੂਰਨ ਪੁਰਖ ਗੁਰੂ ਕੇ ਲਾਲ ਪੁਜੇ ਹੋਇਆਂ ਨੇ ਮੇਰੇ ਵਰਗੇ ਮਹਾਂ ਮੂਰਖ ਨੂੰ ਏਡਾ ਮਾਣ ਬਖਸ਼ਿਆ ਹੈ ਧੰਨ ਹੈ ਉਹਨਾਂ ਦੀ ਨਿਮਰਤਾ ਧੰਨ ਹੈ ਉਹਨਾਂ ਦੀ ਬੀਰਤਾ ਜੋ ਹਰ ਪਖੋਂ ਸਿਖੀ ਸਿਦਕ ਵਿਚ ਪੂਰੇ ਉਤਰਦੇ ਹਨ ਇਹ ਪੱਤਰਕਾ ਜਿਹੜੇ-੨ ਬੰਬਈ ਦੇ ਵੀਰਾਂ ਪੜ੍ਹੀ ਉਹ ਵੀ ਨਿਹਾਲ ਹੀ ਹੋ ਗਏ ਤੇ ਗੁਰਸਿਖਾਂ ਦੇ ਸਤਕਾਰ ਕਰਨ ਦੀ ਜਾਚ ਆ ਗਈ ਦਾਸ ਨੇ ਹੁਣ ਬੇਨਤੀ ਕੀਤੀ ਸਾਰੀ ਸੰਗਤ ਵਲੋਂ ਸ: ਇੰਦਰ ਸਿੰਘ ਜੀ ਬਜ਼ਾਜ਼ ਹੋਰਾਂ ਦੀ ਮਿਲ ਵਿਚ ਭਾਂਡੁਪ ਸਮਾਗਮ ਸੀ ਲੰਗਰ ਸਾਰਾ ਸਰਬਲੋਹ ਵਿਚ ਹੋਇਆ ਸਰਬਲੋਹੀ ਦੇਗਾਂ ਤਿਆਰ ਹੋਈਆਂ ਤੇ ਦਾਸਰੇ ਦੀ ਉਸੇ ਦਿਨ ਸੰਗਤਾਂ ਦੇ ਭਾਰੇ ਇਕਠ ਵਿਚ ਇਹ ਪਹਿਰਾ ਸਤਿਗੁਰੂ ਦੀ ਬਖਸ਼ਸ਼ ਅੰਦਰ ਨਿਭਣ ਦੀ ਅਰਦਾਸ ਕੀਤੀ ਗਈ ਤੇ ਭਾਰੀ ਖੁਸ਼ੀਆਂ ਹੋਈਆਂ ।

## ਆਤਮਿਕ-ਮੇਲ

ਗੁਰਮਤਿ ਦੀਆਂ ਗੋਝ ਗਲਾਂ ਦਾ ਉਹਨਾਂ ਗੁਰਮਤਿ ਦੇ ਪਾਂਧੀਆਂ ਤੋਂ ਹੀ ਪਤਾ ਲਗ ਸਕਦਾ ਹੈ ਜਿਹੜੇ ਉਚੇ ਮੰਡਲਾਂ ਅੰਦਰ ਪਹੁੰਚ ਰਖਦੇ ਹੈਣ ਤੇ ਇਹ ਗੁਝੇ ਭੇਦ ਦਾਸ ਦੇ ਵੀ ਉਦੋਂ ਹੀ ਹਨ ਜਦੋਂ ਆਪਣੀ ਮੌਜ ਵਿਚ ਹੋਵਣ ਦਾਸ ਦਾ ਮਨ ਬਹੁਤ ਉਤਾਵਲਾ ਸੀ ਕੇ ਕਿਹੜੇ ਵੇਲੇ ਭਾਈ ਸਾਹਿਬ ਜੀ ਹੋਰਾਂ ਪਾਸ ਚਲੀਏ ਪਰ ਅਜੇ ਕੋਈ ਬਿਧ ਨਾ ਬਣੇ ਮਨ ਬਹੁਤ ਹੀ ਉਚਾਟ ਤੇ ਬਿਹਬਲ ਹੋ ਗਿਆ ਇਕ ਦਿਨ ਮੌਜ ਵਿਚ ਆਏ ਹੋਏ 'ਪੂਰਨ'ਵੀਰ ਜੀ*



www.AKJ.Org

# ਹਉਮੈ ਦੀਰਘੁ ਰੋਗ ਹੈ—੨

(ਭਾਈ ਕਰਮ ਸਿੰਘ ਜੀ 'ਭੰਡਾਰੀ' ਬਰਨਾਲਾ)

[ ਲੜੀ ਜੋੜਨ ਲਈ ਦੇਖੋ ਜੂਨ ਦਾ ਪਰਚਾ ]

ਹਉਮੈ ਦਾ ਤਿਆਗਣਾ ਉਤਨਾ ਹੀ ਜ਼ਰੂਰੀ ਹੈ ਜਿਤਨਾ ਕਿ ਨਾਮ ਜਪਨਾ। ਹਉਮੈ ਬਾਰੇ 'ਗੁਰਮਤਿ ਮਾਰਤੰਡ' ਵਿਚ ਲਿਖਿਆ ਹੈ ਕਿ:—

(ੳ) ਹੰਕਾਰ ਕਰਨਾ ਤੇਰੀ ਮਲੀਨ ਖੋ (ਵਾਦੀ) ਹੈ, ਇਸਨੂੰ ਛਡ, ਉਸਨੇ ਤੈਨੂੰ ਖ਼ਾਕ ਦੀ ਮੁਠੀ ਤੋਂ ਪੈਦਾ ਕੀਤਾ ਹੈ ਭਾਵ ਇਹ ਹੈ ਕਿ ਉਸਨੂੰ ਯਾਦ ਕਰ। (ਅ) ਆਪਣੀ ਪੂਜਾ ਕਰਨੀ (ਅਭਿਮਾਨੀ ਹੋਣਾ) ਮੂਰਖਾਂ ਦਾ ਕੰਮ ਹੈ। ਨਿਰੰਕਾਰ ਨੂੰ ਪੂਜਣਾ ਸਚਾ ਧਰਮ ਹੈ। (ੲ) ਸੰਤ ਜਨਾਂ ਨੇ ਆਪਣੀ ਪੂਜਾ (ਹੰਕਾਰ) ਦੂਰ ਕਰਕੇ ਵਾਹਿਗੁਰੂ ਦੇ ਨਾਮ ਦਾ ਬੀਜ ਦਿਲ ਰੂਪੀ ਖੇਤਾਂ ਵਿਚ ਬੀਜਿਆ ਹੈ। ਇਸ ਲਈ ਜੇ ਮਨੁਖ ਉਸ ਅਕਾਲ ਪੁਰਖ ਪ੍ਰਮਾਤਮਾ ਨੂੰ ਮਿਲਣ ਦੀ ਇਛਾ ਰਖਦਾ ਹੈ ਤਾਂ ਉਸਨੂੰ ਚਾਹੀਦਾ ਹੈ ਉਹ ਕਦੇ ਭੀ ਹੰਕਾਰ ਨਾ ਕਰੇ।

ਇਹ ਹਉਮੈ ਦਾ ਰੋਗ ਮਨੁਖ ਨਾਲ ਉਸ ਵੇਲੇ ਤਕ ਚੰਬੜਿਆ ਰਹਿੰਦਾ ਹੈ, ਜਦੋਂ ਤੀਕ ਮਨੁਖ ਨੂੰ ਆਪਣੇ ਕਰ ਰਹੇ ਹੰਕਾਰ ਦਾ ਗਿਆਨ ਨਾ ਹੋ ਜਾਵੇ, ਅਤੇ ਆਪੇ ਦੀ ਪਛਾਨ ਨਾ ਹੋ ਜਾਵੇ। ਜਦੋਂ ਗੁਰੂ (ਅਕਾਲ ਪੁਰਖ) ਜੀ ਦੀ ਅਪਾਰ ਕ੍ਰਿਪਾ ਦੁਆਰਾ ਇਸਨੂੰ ਆਪੇ ਦੀ ਪਛਾਣ ਹੋ ਜਾਂਦੀ ਹੈ ਤਾਂ ਇਹ ਆਪਣੇ ਆਪ ਨੂੰ ਪ੍ਰਮਾਤਮਾ ਦੀ ਹੀ ਅੰਸ ਸਮਝਣ ਲਗ ਜਾਂਦਾ ਹੈ, ਅਤੇ ਕੀਤੇ ਹੋਏ ਹੰਕਾਰ ਤੇ

---

*ਕਹਿਣ ਲਗੇ ਛਡ ਯਾਰ ਐਵੇਂ ਹੀ ਕਹਿੰਦਾ ਰਹਿੰਦਾ ਏਂ, ਭਾ: ਸਾਹਿਬ ਨੂੰ ਮਿਲਣ ਲਈ ਬਹੁਤ ਦਿਲ ਕਰਦਾ ਹੈ ਇਹ ਕੇਹੜੀ ਵਡੀ ਗਲ ਏ ਗੁਰਸਿੱਖੀ ਦੀ ਮਿਤ੍ਰਤਾ ਬੜੀ ਪਕੀ ਹੈ ਗੁਰ ਸਿਖ ਤੇ ਆਪਸ ਵਿਚ ਸਦੀਵ ਕਾਲ ਲਈ ਮਿਲੇ ਹੀ ਰਹਿੰਦੇ ਹਨ ਉਹਨਾਂ ਨੂੰ ਵਿਛੋੜਾ ਹੈ ਹੀ ਨਹੀਂ ਮੇਰੇ ਵਾਸਤੇ ਇਹ ਬੜੀਆਂ ਅਚੰਬਾ ਜਿਹੀਆਂ ਗਲਾਂ ਸਨ ਪਰ ਸਭ ਕੁਝ ਜਾਨਣ ਲਈ ਮਨ ਬੜਾ ਕਾਹਲਾ ਸੀ ਵੀਰ ਜੀ ਦੇ ਚਿਹਰੇ ਦੀ ਤਾਬ ਹੀ ਹੋਰ ਹੋ ਗਈ ਕਹਿਣ ਲਗੇ ਅੰਮ੍ਰਿਤ ਵੇਲੇ ਦੀਆਂ ਕਮਾਈਆਂ ਤੋਂ ਬਾਹਦ ਅਰਦਾਸਾ ਸੋਧ ਕੇ ਅੰਤਰ ਆਤਮੇ ਨਾਮ ਜਪੰਦੜੀਆਂ ਉਚੀਆਂ ਆਤਮਾਵਾਂ ਦਾ ਧਿਆਨ ਕਰੋ ਭਾਵ ਯਾਦ ਕਰੋ ਉਹ ਉਸੇ ਵੇਲੇ ਹੀ ਆ ਦੀਦਾਰ ਬਖਸ਼ਦੀਆਂ ਹਨ ਭਾਵੇਂ ਮੇਰੇ ਵਾਸਤੇ ਜਾਂ ਸਾਧਾਰਨ ਮਨੁਖ ਲਈ ਇਹ ਇਕ ਬੁਝਾਰਤ ਸੀ ਪਰ ਨਿਕਲੀ ਸੋਲਾਂ ਆਨੇ ਸਚੀ ਉਸ ਤੋਂ ਬਾਹਦ ਸ੍ਰੀ ਭਾਈ ਸਾਹਿਬ ਦੇ ਰੋਜ਼ ਦੀਦਾਰ ਹੋਣ ਲਗੇ ਨਿਰੇ ਦੀਦਾਰ ਹੀ ਨਹੀਂ ਬਚਨ ਬਿਲਾਸ ਵੀ ਹੋਇਆ ਕਰਨ। (ਚਲਦਾ)



www.AKJ.Org

ਪਛਤਾਉਂਦਾ ਹੈ। ਇਹ (ਮਨੁਖ) ਫਿਰ ਸਮਝਦਾ ਹੈ ਕਿ ਮੈਂ ਤਾਂ ਦਰਅਸਲ ਕੁਝ ਭੀ ਚੀਜ਼ (ਵਸਤ) ਨਹੀਂ ਹਾਂ ਜੇ ਮੈਂ ਹਾਂ ਤਾਂ ਸਿਰਫ਼ ਸਾਗਰ ਦੀ ਲਹਿਰ, ਸੂਰਜ ਦੀ ਕਿਰਣ ਅਤੇ ਬਿਜਲੀ ਦੇ ਪ੍ਰਕਾਸ਼ ਵਾਂਗ ਉਸ ਪ੍ਰਮਾਤਮਾ ਦੀ ਅਤੁਟ ਅੰਸ ਹਾਂ।

ਗੁਰੂ ਸਾਹਿਬ ਜਿਥੇ ਇਸ (ਹਉਮੈ) ਨੂੰ ਅਸਾਧ ਰੋਗ, ਦੀਰਘ ਰੋਗੁ, ਮਹਾਂ ਰੋਗ ਆਦਿ ਲੰਬੀ ਜੁਗਾਂ ਤਕ ਲਗੀ ਰਹਿਣ ਵਾਲੀ ਬਿਮਾਰੀ ਦਸਦੇ ਹਨ ਉਥੇ ਗੁਰਬਾਣੀ ਵਿਚ ਇਹ ਮਹਾਂਵਾਕ ਭੀ ਲਿਖਦੇ ਹਨ ਕਿ ਹਉਮੈ ਦੀਰਘੁ ਰੋਗੁ ਹੈ ਦਾਰੂ ਭੀ ਇਸੁ ਮਾਹਿ ॥ ਕਿਰਪਾ ਕਰੇ ਜੇ ਆਪਣੀ ਤਾ ਗੁਰ ਕਾ ਸਬਦੁ ਕਮਾਹਿ।[1] ਇਸ ਤਰ੍ਹਾਂ ਸਾਨੂੰ ਪਹਿਲਾਂ ਹੀ ਪਤਾ ਲਗ ਚੁਕਾ ਹੈ ਕਿ ਇਹ ਅਸਾਧ ਰੋਗ (ਹਉਮੈ) ਕੋਈ ਡਾਕਟਰ, ਵੈਦ ਜਾਂ ਸਿਆਣਾ ਨਹੀਂ ਕੱਟ ਸਕਦਾ ਹੈ ਇਸ ਰੋਗ ਨੂੰ ਤਾਂ ਗੁਰੂ (ਅਕਾਲ ਪੁਰਖ) ਹੀ ਕ੍ਰਿਪਾ ਕਰ ਕੇ ਕੱਟ ਸਕਦੇ ਹਨ। ਇਹ ਰੋਗ ਗੁਰੂ ਪਾਸ ਹਮੇਸ਼ਾਂ (ਅਠੋ ਪਹਿਰ) ਨਿੰਮਰਤਾ ਪੂਰਬਕ ਅਰਦਾਸਾਂ, ਬੇਨਤੀਆਂ ਕਰਨ ਤੇ ਹੀ ਟੁਟਦਾ ਹੈ। ਇਸ ਹਉਮੈ ਦੇ ਅੰਦਰ ਹੀ ਹਉਮੈ ਨੂੰ ਨਾਸ ਕਰਨ ਵਾਲੀ ਦਵਾਈ (ਸ਼ਬਦ-ਨਾਮ) ਇਸ ਤਰ੍ਹਾਂ ਲੁਕਿਆ ਹੋਇਆ ਹੈ ਜਿਵੇਂ ਦਰੱਖਤ (ਹਰ ਜੀਵ) ਅੰਦਰ ਅੱਗ ਮੌਜੂਦ ਹੁੰਦੀ ਹੈ, ਪਰ ਉਸ ਨੂੰ ਇਸ ਅਗਨੀ ਦਾ ਗਿਆਨ ਨਹੀਂ ਹੁੰਦਾ। ਇਸੇ ਤਰ੍ਹਾਂ ਹੀ ਇਸ ਹਉਮੈ ਦੇ ਵਿਚੋਂ ਹੀ ਮਨੁਖ ਨੂੰ ਆਪੇ ਦੀ ਪਛਾਣ ਹੋ ਜਾਣ ਨਾਲ ਹਉਮੈ ਤੋਂ ਛੁਟਕਾਰਾ ਮਿਲ ਸਕਦਾ ਹੈ, ਪਰ ਇਹ ਛੁਟਕਾਰਾ ਸਾਨੂੰ ਨਾਮ ਜਪਣ, ਸਿਮਰਨ ਕਰਨ, ਸ਼ੁਭ ਕਰਮ ਕਰਨ, ਹਮੇਸ਼ਾ ਪ੍ਰਮਾਤਮਾ ਅੱਗੇ ਨਿਰਛਲ ਹੋ ਕੇ ਬੇਨਤੀਆਂ ਕਰਨ ਨਾਲ ਮਿਲ ਸਕਦਾ ਹੈ। ਇਸ ਲਈ ਸਾਨੂੰ ਦਿਨ, ਰਾਤ, ਬੈਠਤ, ਊਠਤ ਸੋਵਤ ਜਾਗਤ (ਅਠੋ ਪਹਿਰ) ਕੰਮ ਕਾਜ ਕਰਦਿਆਂ ਹੋਇਆਂ ਨਾਮ ਜਪਦਿਆਂ ਹੋਇਆਂ ਇਸ ਮਹਾਂ ਰੋਗ ਦੇ ਖ਼ਾਤਮੇ ਲਈ ਅਕਾਲ ਪੁਰਖ (ਨਿਰੰਕਾਰ) ਅਗੇ ਬਹੁਤ ਨਿੰਮਰਤਾ, ਨਿਰਛਲਤਾ ਅਤੇ ਨਿਰਮਾਣ ਹੋਕੇ ਅਰਦਾਸਾ (ਅਰਜੋਈਆਂ) ਬੇਨਤੀਆਂ ਕਰਨੀਆਂ ਚਾਹੀਦੀਆਂ ਹਨ।

ਗੁਰਵਾਕ—

'ਸਤਿਗੁਰ ਭੀਖਿਆ ਦੇਹਿ ਮੈ ਤੂੰ ਸੰਮ੍ਰਥ ਦਾਤਾਰ ॥
ਹਉਮੈ ਗਰਬ ਨਿਵਾਰੀਐ ਕਾਮ ਕ੍ਰੋਧ ਅਹੰਕਾਰ ॥
ਹੈ ਕੋਈ ਐਸਾ ਹਉਮੈ ਤੋਰੈ॥
ਇਸੁ ਮਿਟੀ ਤੇ ਮਨ ਹੋਰੈ ॥੧॥ਰਹਾਉ॥
ਅਗਿਆਨੀ ਮਾਨੁਖ ਭਇਆ ਜੋ ਨਾਹੀ ਲੋਰੈ ॥
ਰੈਣਿ ਅੰਧਾਰੀ ਕਾਰੀਆ ਕਵਨ ਜੁਗਤਿ ਜਿਤੁ ਭੋਰੈ ॥
ਕੁਮਤੇ ਹਾਰਿਆ ਅਨਿਕ ਬਿਧਿ ਕਰਿਟੋਰੈ ॥
ਕਹੁ ਕਾਨਕ ਕ੍ਰਿਪਾ ਭਈ ਸਾਧ ਸੰਗਤ ਨਿਧਿ ਮੋਰੈ ॥

ਜਦੋਂ ਇਸ ਮਨੁਖ ਨੂੰ ਪ੍ਰਮਾਤਮਾਂ ਦੀ ਕ੍ਰਿਪਾ ਦ੍ਰਿਸ਼ਟੀ ਦੇ ਕਾਰਨ ਹਉਮੈ ਵਰਗਾ ਮਹਾਂ ਰੋਗ ਛਡ ਜਾਂਦਾ ਹੈ। ਤਾਂ ਇਹ ਮੁੜ ਖੁਸ਼ਹਾਲ, ਅਨੰਦ, ਸੁਖ, ਖੁਸ਼ੀ, ਅਤੇ ਪ੍ਰਮ ਸੁਖ ਦੀਆਂ ਲਹਿਰਾਂ ਵਿਚ ਸਮਾ ਜਾਂਦਾ ਹੈ। ਅਤੇ ਜਿਸ ਪ੍ਰਮ ਸੁਖ ਨੂੰ ਉਹ (ਮਨੁਖ) ਦੁਨੀਆਂ ਦੀਆਂ ਕੂੜੀਆਂ ਤੇ ਵਿਨਸ ਜਾਣ ਵਾਲੀਆਂ ਵਸਤਾਂ ਵਿਚੋਂ ਲਭਦਾ ਫਿਰਦਾ ਸੀ ਹੁਣ ਉਹ ਉਹਨਾਂ ਨੂੰ ਆਪਣੇ ਹੀ ਅੰਦਰੋਂ ਲਭ ਲੈਂਦਾ ਹੈ। ਫਿਰ ਉਹ ਪਛਤਾਉਂਦਾ ਹੋਇਆ ਕਹਿੰਦਾ ਹੈ ਕਿ ਇਸ ਸਰੀਰ ਦੇ ਜਿਸ ਦੇ ਵਿਚ ਆਕੇ ਮੈਂ ਹੰਕਾਰ ਕੀਤਾ, ਇਸਨੇ ਤਾਂ ਇਥੇ ਹੀ ਮਿੱਟੀ ਬਣਕੇ ਰਹਿ ਜਾਣਾ ਹੈ। ਇਸਨੇ ਤਾਂ ਮੇਰਾ ਸਾਥ ਨਹੀਂ ਦੇਣਾ, ਨਾ ਹੀ ਮੇਰੇ ਨਾਲ ਬਾਲ, ਬਚੇ, ਧਨ, ਦੌਲਤ, ਜਾਇਦਾਦ, ਵਿਦਿਆ, ਇੱਜ਼ਤ ਆਦਿ ਨਾਲ ਜਾਣਾ ਹੈ। ਇਹ ਸਭ ਕੁਛ (ਵਸਤਾਂ) ਜਿਨ੍ਹਾਂ ਤੇ ਮੈਂ ਹੰਕਾਰ ਕਰਦਾ


www.AKJ.Org

ਰਿਹਾ ਹਾਂ ਇਨ੍ਹਾਂ ਵਿਚੋਂ ਤਾਂ ਕੋਈ ਭੀ ਚੀਜ਼ ਜਾਂ ਕਿਸੇ ਨੇ ਭੀ ਮੇਰੇ ਨਾਲ ਨਹੀਂ ਜਾਣਾ, ਜੇ ਅੰਤ ਨੂੰ ਸਾਥ ਜਾਣ ਵਾਲੀ ਤੇ ਅੰਤ ਸਹਾਇਤਾ ਕਰਨ ਵਾਲੀ ਵਸਤ ਹੈ ਤਾਂ ਉਹ ਸਿਰਫ ਪ੍ਰਮਾਤਮਾਂ ਦੀ ਭਗਤੀ ਨਾਮ ਦਾਨ, ਇਸ਼ਨਾਨ, ਗਿਆਨ, ਪੁੰਨ-ਦਾਨ, ਸ਼ੁਭ ਕਰਮ, ਪਰਉਪਕਾਰ, ਸਚਾਈ, ਭਲਾਈ ਅਤੇ ਨੇਕੀ ਆਦਿ ਕੀਤੇ ਹੋਏ ਕਰਮ ਨੇ ਨਾਲ ਜਾਣਾ ਹੈ। ਜਿਸਦਾ (ਸ਼ੁਭ ਕਰਮਾਂ ਦਾ) ਸਾਰੀ ਉਮਰ ਵਿਚ ਮੈਂ ਕਦੀ ਇਕ ਵਾਰ (ਪਲ ਭਰ ਭੀ) ਭੀ ਵਪਾਰ ਨਹੀਂ ਕੀਤਾ ਹੈ। ਮੈਂ ਤਾਂ ਵਿਅਰਥ ਹੀ ਜੀਵਨ (ਜ਼ਿੰਦਗੀ) ਬਤੀਤ ਕਰਦਾ ਰਿਹਾ ਹਾਂ, ਹਉਮੈ ਦੇ ਜਾਲ (ਬੰਧਨ) ਵਿਚ ਫਸ ਕੇ ਮੈਂ ਇਸ ਹੀਰੇ ਜੈਸੇ ਅਮੋਲਕ ਜੀਵਨ ਨੂੰ ਅਤੇ ਹਰ ਆਉਂਦੇ ਅਮੁਲ ਸ੍ਵਾਸ ਨੂੰ ਵਿਅਰਥ ਗਾਲ ਰਿਹਾ ਹਾਂ। ਜਦੋਂ ਇਤਨੀ ਪਛਾਨ (ਸੋਝੀ) ਅਕਾਲ ਪੁਰਖ ਦੀ ਕ੍ਰਿਪਾ ਦ੍ਰਿਸ਼ਟੀ ਦੁਆਰਾ ਮਨੁਖ ਨੂੰ ਹੋ ਜਾਂਦੀ ਹੈ ਤਾਂ ਉਹ ਮਨੁਖ ਅਗਿਆਨ, ਅੰਧੇਰ, ਪਾਪ, ਸੰਤਾਪ, ਦੁਖ, ਤਕਲੀਫ਼, ਉਪੱਦਰ, ਝਗੜੇ, ਅਸ਼ਾਂਤੀ, ਕਸ਼ਟ ਅਤੇ ਚਿੰਤਾਵਾਂ ਆਦਿ ਜੋ ਇਸਨੂੰ ਹਉਮੈ ਦੇ ਕਾਰਨ ਲਗੇ ਹੁੰਦੇ ਹਨ ਉਹ ਉਨ੍ਹਾਂ ਦਾ ਤਿਆਗ ਕਰਨ ਲਈ ਅਤੇ ਨਾਮ (ਸਿਮਰਨ) ਨੂੰ ਗ੍ਰਹਿਣ ਕਰਨ ਲਈ ਬਹੁਤ ਛੇਤੀ ਤੱਤਪਰ ਹੋ ਜਾਂਦਾ ਹੈ, ਅਤੇ ਫਿਰ ਉਹ ਮਨੁਖ ਉਹਨਾਂ ਭੈੜਿਆਂ ਕਰਮਾਂ ਦਾ ਤਿਆਗ ਕਰਨ ਲਈ ਨਾਮ ਰੂਪੀ ਸਾਬਣ ਵਰਤ ਕੇ ਪਾਪ ਰੂਪੀ ਮੈਲ (ਹਉਮੈ) ਨੂੰ ਧੋ ਕੇ ਸਾਫ਼ ਕਰ ਦਿੰਦਾ ਹੈ ਅਤੇ ਫਿਰ ਮਨੁਖ ਅੰਦਰ ਜਿਵੇਂ ਸਾਬਣ ਨਾਲ ਕਪੜੇ ਧੋਣ ਤੇ ਉਹਨਾਂ ਵਿਚ ਨਿਖਾਰ ਪੈਦਾ ਹੋ ਜਾਂਦੀ ਹੈ ਇਸੇ ਤਰ੍ਹਾਂ ਵਾਹਿਗੁਰੂ (ਅਕਾਲ ਪੁਰਖ) ਦੀ ਜੋਤਿ ਝਲਕਾਰੇ ਮਾਰਦੀ ਹੋਈ ਦਿਖਾਈ ਦੇਣ ਲਗ ਜਾਂਦੀ ਹੈ, ਅਤੇ ਉਹ ਮਨੁਖ ਫਿਰ ਜਲਦੀ ਹੀ ਸਭ ਅਵਗੁਣਾਂ ਦਾ ਤਿਆਗ ਕਰ ਕੇ ਸ਼ੁਭ ਤੇ ਨੇਕ ਗੁਣਾਂ ਦਾ ਖਜ਼ਾਨਾ ਲਭ ਲੈਂਦਾ ਹੈ।

(ਚਲਦਾ)


## ਤੁਸੀਂ ਦੇਸ਼ ਵਿਚ ਹੋ ਜਾਂ ਵਿਦੇਸ਼ ਵਿਚ
## ਘਰ ਬੈਠੇ ਹੀ
## ਸਿਖ ਇਤਿਹਾਸ, ਗੁਰਬਾਣੀ, ਸਿਖ ਦਰਸ਼ਨ ਸਬੰਧੀ
# ਮੁਫ਼ਤ ਡਾਕ ਰਾਹੀਂ ਕੋਰਸ ਕਰੋ !

ਆਪਣੇ ਪੜ੍ਹੇ ਲਿਖੇ ਬਾਲ ਬਚਿਆਂ, ਮਿਤ੍ਰਾਂ ਦੋਸਤਾਂ ਨੂੰ ਕਰਾਓ ਅਤੇ ਇਸ ਤਰ੍ਹਾਂ ਸੰਸਾਰ ਭਰ 'ਚ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ਸਚੇ ਸੁਚੇ ਮਿਸ਼ਨ ਨੂੰ ਪਰਚਾਰਨ ਲਈ ਸਹਾਈ ਬਣੋ।

ਕੋਰਸ ਦੀ ਪੂਰੀ ਵਾਕਫ਼ੀਅਤ ਲਈ ਅਜ ਹੀ 20 ਪੈਸੇ ਦੇ ਡਾਕ ਟਿਕਟ ਭੇਜੋ :—

ਡਾਇਰੈਕਟਰ, *Director,*

**ਗੁਰਮਤਿ ਪੱਤਰ ਵਿਹਾਰ ਸਿਖਿਆ Gurmat Correspondence Course,**

ਅਮਰ ਆਸ਼ਰਮ, ਪਟਿਆਲਾ (ਪੰਜਾਬ) **Amar Ashram, Patiala (Punjab)**




www.AKJ.Org

# ਅਨਮੋਲ ਰਤਨ

(ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਲਿਖਤ 'ਜੇਲ੍ਹ-ਚਿੱਠੀਆਂ ਵਿਚੋਂ ਚੋਣਵੇਂ ਰਤਨ)

[ ਪਿਛੇ ਤੋਂ ਅਗੇ—ਨੰ; 7 ]

( ਸੰਗ੍ਰਹਿ ਕਰਤਾ—ਭਾਈ ਮਨਮੋਹਨ ਸਿੰਘ ਜੀ ਪਟਨਾ )

੫੪ ਅਸਾਡੇ ਸਾਥੀਆਂ ਵਿਚੋਂ ਇਕ ਸਾਥੀ ਵੀਰ ਸ੍ਰੀ ਭਾਈ ਕ੍ਰਿਪਾ ਸਿੰਘ ਜੀ ਕਿਸੇ ਗੋਹਜ ਬੀਮਾਰੀ ਕਰਕੇ ਐਸੇ ਆਤੁਰ ਹੋ ਗਏ ਕਿ ਉਨ੍ਹਾਂ ਦੀ ਸਰੀਰਕ ਨਿਰਬਲਤਾ ਅੱਤ ਦਰਜੇ ਨੂੰ ਪਹੁੰਚ ਗਈ ਤੇ ਇਸ ਦਾ ਕਾਰੰਜ਼ਾ ਹਿਲਣ ਲਗ ਗਿਆ......ਬਸ ਪੰਜ ਭੂਤਕੀ ਸਰੀਰ ਵਿਚ ਸੁਆਸ ਹੀ ਸੁਆਸ ਚਲਦੇ ਦਿਸਣ। ਬਥੇਰੀਆਂ ਦਾਰੂਆਂ ਡਾਕਟਰਾਂ ਨੇ ਦਿਤੀਆਂ ਪਰ ਇਕ ਰਾਸ ਨਾ ਆਈ। ਇਕ ਦਿਨ ਆਸ ਨਿਰਾਸੇ ਹਵਾਸ ਭਿਰਾਸੇ ਹੋਕੇ ਮੈਨੂੰ ਪੁਛਣ ਲਗੇ ਕਿ ਕੋਈ ਉਪਾਉ ਦਸੋ। ਦਾਸ ਨੇ ਆਖਿਆ:—

'ਉਪਾਵਾ ਸਿਰਿ ਉਪਾਉ ਹੈ ਨਾਮੁ ਪ੍ਰਾਪਤ ਹੋਇ।'

ਉਨ੍ਹਾਂ ਆਖਿਆ—ਨਾਮ ਕਿਵੇਂ ਪ੍ਰਾਪਤ ਹੋਵੇ ?

ਦਾਸ—ਸਤਿਗੁਰ ਨਾਨਕ ਦੇਵ ਜੀ ਦਾ ਧਿਆਨ ਧਰੋ।

ਦਾਸ ਤਾਂ ਇਤਨੀ ਗਲ ਸਹਿਜ ਸੁਭਾਇ ਆਖ ਕੇ ਚਲਿਆ ਆਇਆ। ਵੀਰ ਕ੍ਰਿਪਾ ਸਿੰਘ ਨੇ ਚੋਂਪ ਨਾਲ ਇਹ ਗਲ ਸਮ੍ਹਾਲ ਲਈ। ਮਰਨ ਦੀ ਚਿੰਤਾ ਤੇ ਜੀਵਨ ਦੀ ਆਸ ਤੋਂ ਉਹ ਅਗੇ ਹੀ ਨਿਸਚਿੰਤ ਨਿਰਾਸ ਹੋ ਚੁਕੇ ਸਨ। ਇਕ ਦਮ ਸ੍ਰੀ ਗੁਰੂ ਨਾਨਕ ਦੇਵ ਜੀ ਵਲ ਧਿਆਨ ਧਰਨ ਵਲ ਵੀਰ ਦੀ ਸੁਰਤੀ ਬਿਰਤੀ ਨਿਸਫਲ ਹੋ ਕੇ ਜੁਟ ਗਈ। ਸਰੀਰ ਪਹਿਲਾਂ ਹੀ ਸਿਥਲ ਹੋਇਆ ਵਿਆ ਸੀ। ......ਸੁਖੈਨ ਹੀ ਦਿਬ ਦ੍ਰਿਸ਼ਟੀ ਵਾਲੀਆਂ ਸਿਧੀਆਂ ਫੁਰਨ ਲਗ ਪਈਆਂ ਜੋ ਉਸ ਤੋਂ ਸੰਭਾਲੀਆਂ ਨਾ ਜਾਣ ਅਤੇ ਫੁਟ ਫੁਟ ਪੈਣਾ। (ਪੰਨਾ ੩੪੭-੪੮)

੫੫ ਮੈਂ ਉਸਨੂੰ (ਕ੍ਰਿਪਾ ਸਿੰਘ ਨੂੰ) ਘੂਰ ਕੇ ਆਖਿਆ ਓ ਤੂੰ ਕਿਧਰਲਾ ਔਲੀਆ ਬਣ ਗਿਉਂ। ਤੈਥੋਂ ਵਸਤ ਸਮ੍ਹਾਲੀ ਨਹੀਂ ਜਾਂਦੀ। ਐਵੇਂ ਉਛਲ ਉਛਲ ਕਾਹਨੂੰ ਪੈਂਦਾ ਹੈਂ? ਜ਼ਬਤ ਕਰਕੇ ਨਹੀਂ ਰਖਦਾ। ਤੇਰਾ ਜ਼ਰਾ ਭੀ ਹਾਜ਼ਮਾ ਨਹੀਂ। ਦੇਖੀਂ ਖੁਲੀ ਖੇਡ ਨਾ ਕਰ ਦੇਵੀਂ ਅਤੇ ਇਨਾਂ ਸਿੱਧ ਦ੍ਰਿਸ਼ਟੀਆਂ ਵਿਖੇ ਉਲਝਕੇ ਨਾ ਅਟਕ ਜਾਵੀਂ। ਗੁਰਮਤਿ ਨਾਮ ਸੁਮਾਰਗੀਆਂ ਦੀ ਤਾਂ ਇਹ ਖੱਬੇ ਹਥ ਦੀ ਖੇਡ ਹੈ। ਪਰਮਾਰਥ ਪੰਥੀ ਤਾਂ ਇਨ੍ਹਾਂ ਗਲਾਂ ਦਾ ਗਹੁ ਗੁਮੇਹ ਹੀ ਨਹੀਂ ਕਰਦੇ। ਨਹੀਂ ਤਾਂ ਉਰੇ ਹੀ ਨਾ ਉਰਝਕੇ ਅਟਕ ਰਹਿਣ।

ਯਾਦ ਰਖ:—



www.AKJ.Org

'ਰਿਧਿ ਸਿਧਿ ਸਭੁ ਮੋਹੁ ਹੈ, ਨਾਮੁ ਨ ਵਸੈ ਮਨ ਆਇ।'

......ਤੈਨੂੰ ਅਜੇ ਗੁਰਮਤਿ ਨਾਮ ਭੀ ਪ੍ਰਾਪਤ ਨਹੀਂ ਹੋਇਆ। ਅਜੇ ਤਾਈਂ ਤਾਂ ਨਿਰੀ ਗੁਰੂ ਨਾਨਕ ਦੇਵ ਜੀ ਵਲ ਧਿਆਨ ਬਿਰਤੀ ਨੇ ਹੀ ਚਮਤਕਾਰ ਦਿਖਾਏ ਹਨ। ਜੇ ਗੁਪਤ ਵਰਤੇਂਗਾ ਤਾਂ ਅਗਾਹਾਂ ਤੁਰ ਹੋਊ ਅਤੇ ਸੱਚੇ ਪਰਮਾਰਥੀ ਰੰਗ ਲਗਣਗੇ, ਨਹੀਂ ਤਾਂ ਜੇ ਜਣੇ ਕੁਣੇ ਨੂੰ ਦੱਸਕੇ ਆਪਣੇ ਜੌਹਰ-ਜਤਲਾਉਣ ਲਗ ਪਿਆ ਤਾਂ ਖੇਡ ਇਥੇ ਹੀ ਖਲੋ ਜਾਊ। (ਪੰਨਾ ੩੫੨)

੫੬ ਕ੍ਰਿਪਾ ਸਿੰਘ ਦੇ ਟੇਵੇ ਤਾਂ ਠੀਕ ਨਿਸ਼ਾਨੇ ਤੇ ਸਨ, ਪ੍ਰੰਤੂ ਸ਼ੋਕ ਕਿ ਭਾਈ ਕ੍ਰਿਪਾ ਸਿੰਘ ਦੀ ਇਸ ਪ੍ਰਕਾਰ ਦੀ ਦਿੱਬ ਦ੍ਰਿਸ਼ਟੀ ਵਾਲੀ ਸ਼ਕਤੀ ਕੋਈ ਚਾਰ ਦਿਹਾੜੇ ਦੀ ਖੇਡ ਹੀ ਰਹੀ। ਜਦ ਤਾਈਂ ਤਾਂ ਦਾਸ ਉਸ ਨੂੰ ਵਰਜਦਾ ਰਿਹਾ ਕਿ ਆਮਸ਼ਰੇ ਇਸ ਨੂੰ ਨਸ਼ਰ ਨਾ ਕਰੇ ਤਦ ਤਾਈਂ ਉਹ ਸੰਕੋਚਦਾ ਰਿਹਾ ਤੇ ਇਸ ਸੁਕੰਚਤਾਈ ਦੇ ਕਾਰਨ ਕੁਛ ਦਿਨ ਇਹ ਸਿਧ ਸ਼ਕਤੀ ਪ੍ਰਾਪਤ ਰਹੀ। ਪਰ ਪਿਛੋਂ ਉਸ ਨੇ ਜਣੇ ਕੁਣੇ ਨੂੰ ਹੀ ਆਪਣੀਆਂ ਸਿੱਧ ਸ਼ਕਤੀਆਂ ਦਾ ਇਸ਼ਤਿਹਾਰ ਕਰਨਾ ਸ਼ੁਰੂ ਕਰ ਦਿਤਾ। ਬੱਸ ਫੇਰ ਤਾਂ ਦਿਨਾਂ ਵਿਚ ਹੀ ਉਹ ਸ਼ਕਤੀ ਗਈ ਗਵਾਤੀ ਹੋਈ ਅਤੇ ਭਾਈ ਕ੍ਰਿਪਾ ਸਿੰਘ ਹੋਰੀਂ ਸੱਖਣੇ ਦੇ ਸੱਖਣੇ ਹੀ ਰਹਿ ਗਏ ਅਤੇ ਹੁਣ ਤਾਈਂ ਪਏ ਉਸ ਬਵਸਥਾ ਨੂੰ ਝੂਰਦੇ ਹਨ ਪ੍ਰੰਤੂ :—

'ਵਿਣੁ ਕਰਮਾ ਕਿਛੁ ਪਾਈਐ ਨਾਹੀ ਜੇ ਬਹੁਤੇਰਾ ਧਾਵੈ'

ਗੁਰਮਤਿ ਨਾਮ ਦੇ ਰਸੀਏ ਹੋਕੇ ਜੇ ਨਾਮ ਵਿਖੇ ਹੀ ਲਿਵਲੀਨ ਰਹਿੰਦੇ ਤਾਂ—

'ਰਿਧਿ ਸਿਧਿ ਨਾਮੇ ਕੀ ਦਾਸੀ ।।'

ਆਪੇ ਪਿਛੇ ਲਗੀ ਕਾਰ ਕਮਾਉਂਦੀ ਫਿਰਦੀ... ਪ੍ਰੰਤੂ ਇਹ ਬਵਸਥਾ ਨਾਮ ਸਨਮੁਖੀਆਂ ਗੁਰਮੁਖੀਆਂ ਨੂੰ ਹੀ ਪ੍ਰਾਪਤ ਹੋਈ ਰਹਿੰਦੀ ਹੈ, ਪਰ ਉਹ ਇਸ ਨੂੰ ਕਿਤੇ ਹੀ ਵਰਤੋਂ ਵਿਚ ਲਿਆਉਂਦੇ ਹਨ। ਉਹ ਭੀ ਗਿਣ ਮਿਥ ਕੇ ਨਹੀਂ, ਸੁਤੇ ਸਫੁਰਤਾ ਦੁਆਰਾ ਹੀ ਕਦੇ ਕਦਾਈਂ ਅਚਿੰਤ ਵਰਤੋਂ ਚਮਤਕਾਰੇ ਹੋ ਜਾਂਦੇ ਹਨ। (ਪੰਨਾ ੩੫੪-੫੫)

੫੭ ਸਾਨੂੰ ਤਾਂ ਛੁਟਣ ਛੁਟਾਉਣ ਦਾ ਰਤਾ ਭੀ ਗੁਮੇਹ ਨਹੀਂ ਸੀ। ਅਨੇਕ ਪ੍ਰਕਾਰ ਦੀਆਂ ਔਖਿਆਈਆਂ ਦਾ ਸਾਹਮਣਾ ਕਰਦੇ ਹੋਇਆਂ ਭੀ ਚਿਤ ਬਿਰਤੀ ਇਕ ਅਲੌਕਿਕ ਆਤਮ ਅਹਿਲਾਦ ਵਿਚ ਰਹਿੰਦੀ ਸੀ। ਵਖੋ ਵਖ ਦੜਵਿਆਂ ਵਿਚ ਤੜੇ ਹੋਏ ਪੰਖਣੂਆਂ ਨੂੰ ਨਾਮ-ਬਾਣੀ ਕੀਰਤਨ ਦਾ ਸਹਿਜ ਅਨੰਦੀ ਚੋਗ ਪ੍ਰਸਪਰ ਸਤਿਸੰਗ ਦੇ ਪ੍ਰਭਾਵ ਕਰਕੇ ਸੁਤੇ ਸੁਭਾਵ ਹੀ ਮਿਲਦਾ ਰਹਿੰਦਾ ਸੀ। ਇਸ ਕਰਕੇ ਪਿੰਜਰ ਪੰਖਣੀਆਂ ਦੀਆਂ ਬਿਰਤੀਆਂ ਚੜ੍ਹਦੀ ਕਲਾਂ ਦੇ ਆਤਮ ਔਜੀ ਖਿੜਾਉ ਵਿਚ ਰਹਿੰਦੀਆਂ ਸਨ। (ਪੰਨਾ ੩੬੨-੬੩)

੫੮ ਅਸੀਂ ਸਿਖ ਸੁਪਨੇ ਮਾਤ੍ਰ ਭੀ ਐਸਾ ਮਹਾਂ ਪਾਪ ਨਹੀਂ ਕਰਦੇ ਕਿਉਂਕਿ ਸਤਿਗੁਰਾਂ ਦੇ ਬਚਨਾਂ ਅਨੁਸਾਰ ਆਤਮਘਾਤੀ ਮਹਾਂ ਪਾਪੀ ਹੈ। ਸੋ ਗੁਰੂ ਦਾ ਸਿਖ ਆਤਮਘਾਤ ਦਾ ਖਿਆਲ ਕਰਨਾ ਭੀ ਮਹਾਂ ਪਾਪ ਸਮਝਦਾ ਹੈ।

੫੯ ਜਿਨ੍ਹਾਂ ਦੇ ਨੱਕ ਵਿਚ ਆਪਣੇ ਮਾਤਹਿਤਾਂ ਦੀ ਨਕੇਲ ਹੋਵੇ, ਉਨ੍ਹਾਂ ਅਫਸਰਾਂ ਕੀ ਇਨਸਾਫ਼ ਕਰਨਾ ਹੋਇਆ। (ਪੰਨਾ ੩੭੯)



www.AKJ.Org

੬੦ ਹੁਣ ਸਾਗੋ ਬ੍ਰਤ ਅਰੰਭ ਹੋ ਗਿਆ। ਇਕ ਛਟਾਂਕ ਸਾਗੋ (ਸਾਬੂਦਾਣਾ) ਤੇ ਇਕ ਛਟਾਂਕ ਸਿਰਖੰਡੀ ਉੱਗਣ ਆਥਣ ਦੇ ਜਾਣ, ਉਹੀ ਜਲ ਵਿਚ ਉਬਾਲ ਕੇ ਨਿਰਬਾਹ ਕਰ ਲਿਆ ਕਰੀਏ। ਇਕ ਮਹੀਨਾ ਬਰਾਬਰ ਇਹ ਸਾਗੋ ਬ੍ਰਤ ਬਣਿਆ ਰਿਹਾ। ਸਰੀਰ ਛਾਂਟਿਆ ਗਿਆ ਅਤੇ ਹਲਕਾ ਫੁਲਕਾ ਹੋ ਗਿਆ ਜੇਲ ਦਾ ਅਮਲਾ ਨਿਤ ਪ੍ਰਤਿ ਰੌਂਦ ਕਰਨ ਆਵੇ ਅਤੇ ਮੈਨੂੰ ਮਸ਼ਟ ਪਏ ਨੂੰ ਦੇਖ ਕੇ ਚੁਪ ਚੁਪਾਤੇ ਹੀ ਚਲੇ ਜਾਇਆ ਕਰਨ। ਨਾ ਉਨ੍ਹਾਂ ਨੂੰ ਮੇਰਾ ਗੁਮੇਹ ਨਾ ਮੈਨੂੰ ਉਨ੍ਹਾਂ ਦੀ ਪ੍ਰਵਾਹ, ਨਾ ਸਾਨੂੰ ਕਿਸੇ ਚੀਜ਼ ਦੀ ਚਾਹ, ਨਾ ਉਨ੍ਹਾਂ ਨੂੰ ਦਰਦਵੰਦਾਂ ਦਾ ਦਾਹ...... ਵੈਦ ਗੁਰੂ ਨੇ ਖੁਧਿਆਵੰਤ ਦੀ ਖੁਧਿਆ ਬਿਰਤੀ ਹਿਤ ਨਾਮ ਅਧਾਰ ਦੇ ਛਾਂਦੇ ਹੋਰ ਵਧੇਰੇ ਅਘਾਇ ਕੇ ਭੁੰਚਾਏ। ਵਾਹੁ ਮੇਰੇ ਸਤਿਗੁਰੂ। ਖੂਬ ਗਟਾਕ ਪਿਆਏ। ਆਪਨੇ ਰੰਗ ਵਿਚ ਰਖ ਸਾਹਿਬਾ। ਤਾਂ ਕਿਸੈ ਦੀ ਕੀ ਕਾਨ ਕਨੌਡ ਹੈ? ਲੋਕਾਂ ਦੀਆਂ ਅਖਾਂ ਚਭੋਲਣ ਲਈ ਸਾਬੂਦਾਣੇ ਦਾ ਸੋਹਣਾ ਤਹੋਡਾ ਬਣਾਇਆ ਹੈ। ਉਂਵ ਤਾਂ ਇਸ ਦੀ ਲੋੜ ਭੀ ਕੁਝ ਨਹੀਂ ਸੀ। ਠਾਠਾ ਬਾਗਾ ਬਣਾਏ ਰਖਣਾ ਭੀ ਪੂਰਨ ਗੁਪਤ ਸੰਜਮੀ ਬਣਤ ਬਣਾਊ ਹੈ। ਜਿਉਂ ਤੁਧ ਭਾਵੈ ਤਿਉਂ ਬਣਾਈ ਰਖ। ਨਾਮ ਰੰਗਾਂ ਵਿਚ ਮੇਰਾ ਰੋਮ ਰੋਮ ਰੰਗਾਈ ਰਖ। ਤਾਂ ਸਾਨੂੰ ਕਿਸੇ ਦਾ ਕੀ ਕਾੜ੍ਹਾ ਅੰਦੇਸਾ ਹੈ। ਸਤਿਗੁਰੂ ਨੇ ਆਪ ਚੜ੍ਹਦੀ ਕਲਾ ਦੇ ਰੰਗਾਂ ਵਿਚ ਇਕ ਮਹੀਨਾ ਲੰਘਾਇਆ ਸੁਰਤੀ ਬਿਰਤੀ ਹਿਠਾਹਾਂ ਨੂੰ ਆਉਣ ਹੀ ਨਹੀਂ ਦਿਤੀ।

(ਪੰਨਾ ੩੭੯-੮੦)

੬੧ ਉਭ ਉਰਧੀ ਰੰਗ ਵਿਗਾਸ ਵਿਚ ਮਗਨ ਬੈਠਿਆਂ ਇਕ ਦਿਨ ਜੰਦਰਾ ਆਪ ਹੀ ਖੁਲ੍ਹ ਗਿਆ, ਪਰ ਬਿਰਤੀ ਨਾ ਖੁਲ੍ਹੀ, ਇਕ ਰਸ ਮਨ ਤਨ ਅੰਤਰੇ ਗ਼ਲਤਾਨ ਰਹੀ। ਅੰਮ੍ਰਿਤ-ਰਸ ਬੂਡੜੀ ਨੂੰ ਊਭ ਪਇਆਲਾ ਇਕੋ ਹੋ ਗਿਆ। ਕੁਝ ਸੁਰਤ ਨਾ ਸੰਭਾਲ ਕਿ ਕਿਸ ਜੰਗਲਾ ਖੋਹਲਿਆ ਤੇ ਕੌਣ ਆਇਆ ਤੇ ਕੌਣ ਗਿਆ।......ਇਸ ਬਿਧ ਬੈਠੇ ਉਤੇ ਹੀ ਸੁਪ੍ਰਟੰਡੰਟ ਤੇ ਉਸਦਾ ਲਾਉ ਲਸ਼ਕਰੀ ਲਾਣਾ ਗਸ਼ਤ ਕਰਦਾ ਦਰਵੇਸ਼ ਦੁਆਲੇ ਆਣ ਖੜੋਤਾ। ਖ਼ਬਰ ਨਹੀਂ ਕਿੰਨਾ ਚਿਰ ਖੜੋਤਾ ਰਿਹਾ ਹੋਊ। ਸਾਨੂੰ ਤਾਂ ਕੁਛ ਪਤਾ ਨਹੀਂ। ਨਾ ਉਹਨਾਂ ਦੀ ਬੁਲਾਉਣ ਚਲਾਉਣਾ ਹਲਾਉਣ ਦੀ ਹਿੰਮਤ ਪਈ, ਨਾ ਆਪੇ ਪਿਰਮ ਰਸੀਅੜੀ ਸੁਰਤੀ ਖੁਲ੍ਹੀ, ਨਾ ਸੁਰਤ ਕਸੀਅੜੀ ਦੇਹੁਰੀ ਹਿਲੀ। ਰੰਗ ਚਲੂਲੀ ਚੇਹਰੇ ਦਾ ਜੋਤ ਜਲਾਲ ਵੇਖ ਕੇ ਜਰਵਾਨਿਆਂ ਦੀ ਜੁਰਅਤ ਹੀ ਨਹੀਂ ਪਈ ਕਿ ਇਸ ਜਾਗ੍ਰਤ ਨਿੰਦ੍ਰਾ ਤੋਂ ਜਗਾਉਣ। ਤਕੜਾ ਚਿਰ ਖੜੋ ਖੜੋ ਕੇ ਚਲੇ ਗਏ। ਉਸ ਵੇਲੇ ਜੋ ਹਾਜ਼ਰ ਸਨ ਉਹ ਦਸਦੇ ਸਨ ਕਿ ਉਹਨਾਂ ਦੇ ਹਿਰਦਿਆਂ ਉਤੇ ਕੋਈ ਐਸੀ ਹੈਬਤ ਛਾਈ ਕਿ ਬੁਤ ਬਣ ਕੇ ਖੜੇ ਰਹੇ।

(ਪੰਨਾ ੩੮੦)

੬੨ ਸ਼ਾਮ ਨੂੰ ਮੇਰੇ ਪਾਸ ਛੋਟਾ ਡਾਕਟਰ ਆਇਆ ਤੇ ਉਸਨੇ ਦਸਿਆ ਕਿ ਸਜਣ ਸਿੰਘ ਦੀ ਹਾਲਤ ਬਿਗੜ ਗਈ ਹੈ। ਸਾਰੇ ਸਰੀਰ ਵਿਚ



www.AKJ.Org

ਪਲਮ ਦੌੜਨ ਦਾ ਖ਼ਤਰਾ ਹੈ.........ਬਾਂਹ ਕੱਟੇ ਜਾਣ ਬਿਨਾਂ ਹੋਰ ਕੋਈ ਚਾਰਾ ਨਹੀਂ । ਸੋ ਸਵੇਰੇ ਹੀ ਬਾਂਹ ਕੱਟੀ ਜਾਵੇਗੀ ਕਿਉਂਕਿ ਮੈਡੀਕਲ ਬੋਰਡ ਦਾ ਇਹ ਆਖ਼ਰੀ ਫ਼ੈਸਲਾ ਹੋ ਚੁਕਾ ਹੈ । ਉਹ ਤਾਂ ਇਹ ਸੁਨਾਉਣੀ ਸੁਣਾ ਕੇ ਚਲਿਆ ਗਿਆ ਅਤੇ ਦਾਸ ਨੇ ਇਸ ਬਲਾਕ ਅਤੇ ਇਰਦ ਗਿਰਦ ਦਿਆਂ ਬਲਾਕਾਂ ਦੀਆਂ ਕੋਠੀਆਂ ਵਿਚ ਸਾਰਿਆਂ ਵੀਰਾਂ ਨੂੰ ਇਹ ਮੰਦ ਸੋਇ ਸੁਣਾ ਭੇਜੀ । ਸਭ ਦਾ ਇਹ ਫ਼ੈਸਲਾ ਹੋਇਆ ਕਿ ਅੰਮ੍ਰਿਤਵੇਲੇ ਉਠਦੇ ਹੀ ਇਸ਼ਨਾਨ ਕਰਕੇ ਸਾਰੇ ਸਜਨ ਪੰਜ ਪੰਜ ਪਾਠ ਜਪੁਜੀ ਸਾਹਿਬ ਦੇ ਸਜਣ ਸਿੰਘ ਦੀ ਨਮਿਤ ਕਰਨ ।... ਪੰਜਾਂ ਪਾਠਾਂ ਦੇ ਭੋਗ ਪਸਚਾਤ ਗੁਪਤ ਪ੍ਰੇਰਨਾ ਇਹ ਹੋਈ ਕਿ ਉਸਦੀ ਨਮਿਤ ਅਰਦਾਸਾ ਭੀ ਕੀਤਾ ਜਾਏ...ਗੁਪਤ ਅਰਦਾਸਾ ਭੀ ਸੋਧ ਦਿਤਾ ਉਧਰ ਹਸਪਤਾਲ ਵਿਚ ਡਾਕਟਰ ਲੋਕਾਂ ਦਾ ਤੇ ਉਨ੍ਹਾਂ ਦੇ ਅਮਲੇ ਦਾ ਇਕਠ ਹੋ ਰਿਹਾ ਹੈ । ਬਾਂਹ ਕਟਣ ਦੇ ਸਭ ਸੰਦ ਬੇਤ ਭੀ ਆ ਗਏ ।...... ਅਗੋ ਵੀਰ ਸਜਣ ਸਿੰਘ ਸ਼ਬਦ ਲੋਰ ਦੀ ਨਿੰਦਰਾ ਵਿਚ ਸ਼ਾਂਤ ਪਿਆ ਸੀ । ਸੁਪ੍ਰੰਟੰਡੰਟ ਜਾਤਾ ਕਿ ਸੁੱਤਾ ਹੋਇਆ ਹੈ । ਬੋਲਿਆ : ਉਠ ! ਕਲੋਰੋਫਾਰਮ ਸੁੰਘ । ਵੀਰ ਨੇ ਅੱਖ ਉਘੇੜ ਕੇ ਆਖਿਆ ਕਾਹਦੇ ਲਈ ?

ਸੁਪ੍ਰੰ:—ਤੇਰੀ ਬਾਂਹ ਦਾ ਉਪਰੇਸ਼ਨ ਹੋਣਾ ਹੈ ।

ਵੀਰ:—ਤਾਂ ਫੇਰ ਕਲੋਰੋਫਾਰਮ ਸੁੰਘਾਉਣ ਦੀ ਕੀ ਲੋੜ ਹੈ ? ਨਿਸ਼ੰਗ ਬਾਂਹ ਨੂੰ ਕਟਕੇ ਜੁਦਾ ਕਰ ਦੇਵੋ । ਜੇ ਜਿਮ੍ਹਕ ਜਾਵਾਂ ਤਾਂ ਆਖਣਾ ।

ਇਹ ਸੁਣਕੇ ਸਰਜਨ ਦੇ ਸਰੀਰ ਵਿਚ ਇਕ ਝਰਨਾਟ ਜੇਹੀ ਛਿੜ ਗਈ । ਇਕ ਪਾਸੇ ਤਾਂ ਇਸ ਬੀਸ ਸਾਲਾ ਸਿਖ ਭੁਝੰਗੀ ਦੀ ਦਲੇਰੀ ਦੇਖਕੇ ਦੰਗ ਰਹਿ ਗਿਆ ਅਤੇ ਹੱਕਾ ਬੱਕਾ ਰਹਿ ਗਿਆ ਕਿ ਇਹ ਸਿਖ ਕਿਸ ਮਿੱਟੀ ਦੇ ਬਣੇ ਹੋਏ ਹਨ । ਦੂਜੇ ਪਾਸੇ ਉਸਦੇ ਹੱਥ ਵਿਚ ਉਤੇ ਉਠਣ ਦੀ ਤੇ ਬਾਂਹ ਕੱਟਣ ਦੀ ਹਿੱਸਾ ਹੀ ਨਾ ਰਹੀ । ਐਨ ਉਸੇ ਸਮੇਂ ਉਸ ਨੂੰ ਇਕ ਹੋਰ ਫੁਰਨਾ ਸਫੁਰਨ ਹੋਇਆ ਕਿ ਪਹਿਲਾਂ ਨਸ਼ਤਰ ਲਾਕੇ ਦੇਖੀਏ । ਸ਼ਾਇਦ ਗੰਦਾ ਖ਼ੂਨ ਨਸ਼ਤਰ ਨਾਲ ਨਿਕਲ ਜਾਵੇ ਅਤੇ ਫ਼ਾਇਦਾ ਹੋ ਜਾਵੇ ਇਹ ਫੁਰਨਾ ਫੁਰਨ ਦੀ ਦੇਰ ਸੀ ਕਿ ਉਹ ਇਸ ਪਰ ਅਮਲ ਕਰਨ ਲਈ ਆਮਾਦਾ ਹੋ ਗਿਆ । ਮਾਨੋ ਕੋਈ ਅਮਰੀ ਇਸ਼ਾਰਾ ਉਸਨੂੰ ਮਿਲਿਆ ਜੋ ਅਗੋ ਔੜ੍ਹਿਆ ਹੀ ਨਹੀਂ ਸੀ । ਬਸ ! ਜਕ ਤਕ ਕੀ ਕਰਨੀ ਸੀ ? ਨਸ਼ਤਰ ਲਗਾ ਦਿਤੀ ਤੇ ਗੰਦੇ ਖ਼ੂਨ ਦਾ ਪ੍ਰਨਾਲਾ ਛੁਟ ਗਿਆ । ਸੁਪ੍ਰੰਟੰਡੰਟ ਦੀਆਂ ਖ਼ੁਸ਼ੀਆਂ ਦੀ ਕੋਈ ਹੱਦ ਨਾ ਰਹੀ.....ਖਿੜਿਆ ਹੋਇਆ ਮੱਥਾ ਲੈਕੇ ਮੇਰੇ ਪਾਸ ਆਇਆ......।

ਦਾਸ—ਇਹ ਆਪ ਦੇ ਉਦਮ ਨੂੰ ਫਲ ਲਗਾ ਹੈ, ਆਪ ਨੇ ਬੜੀ ਹਮਦਰਦੀ ਕੀਤੀ ਹੈ ।

ਸੁਪ੍ਰੰ:—ਨਹੀਂ, ਨਹੀਂ, ਹਮ ਨੇ ਇਸ ਮੇਂ ਕੁਛ ਨਹੀਂ ਕੀਆ । ਯੇਹ ਤੋ ਕੋਈ ਮੁਅਜਜ਼ਾ ਹੂਆ ਹੈ । ਮੈਂ ਆਪਣੇ ਹਾਥ ਮੇਂ ਬਾਂਹ ਕਾਟਨੇ ਵਾਲੇ ਹਥਿਆਰ ਪਕੜ ਚੁਕਾ ਥਾ*



www.AKJ.Org

# —ਃ ਗੁਰਮਤਿ ਦੇ ਝਰੋਖੇ ਚੋਂ ਃ—

(ਇਕ ਗੁਰਮਤਿ ਖੋਜੀ ਦੀ ਕਲਮ ਤੋਂ)

ਪ੍ਰਸ਼ਨ—ਮੀਆਂ ਮੀਰ ਦਾ ਪੂਰਾ ਨਾਮ ਕੀ ਸੀ ? ਕੁਝ ਵਾਕਫ਼ੀ ਦਿਉ।

ਉਤਰ—ਸਾਈਂ ਮੀਆਂ ਮੀਰ ਦਾ ਪੂਰਾ ਨਾਮ ਮੀਰ ਮੁਯੀਨ-ਉਲ-ਅਸਲਾਮ ਸੀ। ਆਪ ਜੀ ਦਾ ਜਨਮ ਕਾਜ਼ੀ ਸਾਈਂ ਦਿਤਾ ਜੀ ਦੇ ਘਰ 1531 ਈਸਵੀ ਨੂੰ ਸੀਸਤਾਨ ਵਿਚ ਹੋਇਆ। ਆਪ ਜੀ ਦੇ ਵਡੇ ਵਡੇਰੇ ਹਜ਼ਰਤ ਫ਼ਾਰਕੂ ਆਜ਼ਮ ਨਾਲ ਸੰਬੰਧ ਰਖਦੇ ਸਨ। ਗੁਰੂ ਅਰਜਨ ਦੇਵ ਜੀ ਨਾਲ ਆਪ ਜੀ ਦੀ ਪਹਿਲੀ ਮੁਲਾਕਾਤ ਉਦੋਂ ਹੋਈ ਜਦੋਂ ਗੁਰੂ ਸਾਹਿਬ ਸਿਹਾਰੀ ਮਲ ਦੇ ਪੱਤਰ ਦੇ ਵਿਆਹ ਤੇ ਲਾਹੌਰ ਗਏ। ਸਾਈਂ ਜੀ ਤੋਂ ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਦੀ ਨੀਂਹ ਰਖਾਈ ਗਈ। ਸਾਈਂ ਜੀ ਨੇ ਗੁਰੂ ਸਾਹਿਬ ਨਾਲ ਕਈ ਵਾਰੀ ਧਰਮ ਚਰਚਾ ਕੀਤੀ।

ਪ੍ਰਸ਼ਨ—ਕਈ ਬੀਬੀਆਂ ਪੰਜਵੀਂ ਰਹਿਤ ਕੇਸਕੀ ਤਾਂ ਰਖਦੀਆਂ ਹਨ, ਪਰ ਮੱਥੇ ਦੇ ਉਤੋਂ ਕੇਸ਼ ਕਾਫ਼ੀ ਨੰਗੇ ਰਖਦੀਆਂ ਹਨ। ਕੀ ਇਹ ਯੋਗ ਹੈ ?

ਉਤਰ—ਕੇਸਕੀ ਦੀ ਰਹਿਤ ਰਖਣ ਦਾ ਭਾਵ ਹੀ ਇਹ ਹੈ ਕਿ ਦਸਮ ਦੁਆਰ ਤੇ ਜੂੜਾ ਕਰਕੇ ਛੋਟੀ ਦਸਤਾਰ ਨਾਲ ਪੂਰੀ ਤਰ੍ਹਾਂ ਕੇਸ ਢੱਕੇ ਜਾਣ ਤੇ ਉੱਤੇ ਦੁਪੱਟਾ ਆਦਿ ਲਿਆ ਜਾਵੇ। ਕੇਸਾਂ ਨੂੰ ਘਟੀਆ ਦਿਖਾਵੇ ਜਾਂ ਸ਼ਿੰਗਾਰ ਆਦਿ ਲਈ ਨਾ ਵਰਤਣਾ ਹੀ ਠੀਕ ਰਹਿਤ ਰਖਣਾ ਹੈ। ਜੇ ਕੇਸਕੀ ਬੰਨ ਕੇ ਵੀ ਕੇਸਾਂ ਨੂੰ ਫੈਸ਼ਨ ਜਾਂ ਘਟੀਆ ਦਿਖਾਵੇ ਲਈ ਹੀ ਵਰਤਣਾ ਹੈ ਜਾਂ ਮੱਥੇ ਉਤਲੇ ਕੇਸਾਂ ਨੂੰ ਲੋਕ ਦਿਖਾਵੇ ਲਈ ਵਰਤਣਾ ਹੈ ਤਾਂ ਇਹ ਮਨ ਦੀ ਕਮਜ਼ੋਰੀ ਹੈ। ਤਤ ਗੁਰਮਤਿ ਦੀਆਂ ਧਾਰਨੀ ਬੀਬੀਆਂ ਨੂੰ ਇਸ ਕਮਜ਼ੋਰੀ ਤੋਂ ਬਚਣਾ ਚਾਹੀਦਾ ਹੈ।

ਪ੍ਰਸ਼ਨ—ਇਕ ਤਿਆਰ ਬਰ ਤਿਆਰ ਸਿੰਘ ਨੂੰ ਆਪਣੇ ਆਪ-ਹੁਦਰੇ ਤੇ ਸੰਸਾਰੀ ਪੁਤਰ ਜਾਂ ਭਰਾ ਨਾਲ ਕਿਵੇਂ ਵਰਤਣਾ ਚਾਹੀਦਾ ਹੈ ?

ਉਤਰ—ਜਿਵੇਂ ਗੁਰੂ ਨਾਨਕ ਤੇ ਗੁਰੂ ਅੰਗਦ ਦੇਵ ਜੀ ਨੇ ਆਪਣੇ ਪੁਤਰਾਂ ਨਾਲ ਵਰਤਿਆ। ਜਿਵੇਂ ਗੁਰੂ ਅਰਜਨ ਦੇਵ ਜੀ ਨੇ ਆਪਣੇ ਭਰਾ ਪ੍ਰਿਥੀ ਚੰਦ ਨਾਲ ਵਰਤਿਆ। ਜਿਵੇਂ ਹੋਰ ਦੁਨੀਆਂ ਨਾਲ ਵਰਤੇ ਤਿਵੇਂ ਪੁਤਰਾਂ ਭਰਾਵਾਂ ਨਾਲ ਵਰਤੇ, ਕਿਉਂਕਿ ਨਿਰੇ ਸੰਸਾਰੀਆਂ ਤੇ ਭਗਤਾਂ ਦਾ ਮੇਲ ਨਹੀਂ ਹੁੰਦਾ।

---

*ਔਰ ਸਭ ਸਮਾਨ ਤਿਆਰ ਥਾ। ਮੈਂ ਹਾਥ ਕਾਟਨੇ ਕੇ ਲੀਏ ਤਿਆਰ ਹੋ ਚੁਕਾ ਥਾ ਕਿ ਇਕ ਦਮ ਮੇਰਾ ਹਾਥ ਰੁਕ ਗਿਆ ਹਾਥ ਰੁਕਨਾ ਹੀ ਥਾ ਕਿ ਮੁਝ ਕੋ ਅਚਾਨਕ (Sundenly) ਹੀ ਏਕ ਸੂਝਨਾ ਸੂਝਾ ਜੋ ਆਗੇ ਕਭੀ ਸੂਝਾ ਹੀ ਨਹੀਂ। ਇਸ ਮੇਂ ਜ਼ਰੂਰ ਕੋਈ ਖੁਦਾਈ ਇਮਦਾਦ ਕਾ ਹਾਥ ਹੈ। ਮਗਰ ਬੜੀ ਹੈਰਾਨੀ ਤੋ ਉਸ ਲੜਕੇ ਕੀ ਦਲੇਰੀ ਕੋ ਦੇਖ ਕਰ ਹੁਈ ਕਿ ਵੁਹ ਝਿਜਕਾ ਹੀ ਨਹੀਂ। ਉਸ ਕੋ ਪਤਾ ਹੀ ਨਹੀਂ ਕਿ ਇਸ ਬਾਂਹ ਪਰ ਉਪ੍ਰੇਸ਼ਨ ਕੀਆ ਜਾ ਰਹਾ ਹੈ। ਉਸਕੀ ਤੋ ਬਾਂਹ ਭੀ ਕਟ ਜਾਤੀ ਤਬ ਭੀ ਵੁਹ ਤੋ ਹਾਇ ਨਾ ਪੁਕਾਰਤਾ। ਮਾਲੂਮ ਹੋਤਾ ਹੈ ਕਿ ਉਸ ਵਕਤ ਉਸ ਪਰ ਕੋਈ ਰੂਹਾਨੀ ਤਾਕਤ ਤਾਰੀ ਹੋ ਰਹੀ ਥੀ।

—



www.AKJ.Org

# ਮੇਰੇ ਭਾਈ ਜਨੋ !

ਜੇ ਤੁਸੀਂ ਆਪਣੇ ਬਚਿਆਂ ਨੂੰ–

੧. ਬਾਹਰਲੀ ਰਹਿਤ ਨਾਲ ਸਚਾ ਪਿਆਰ ਪੁਆਉਣਾ ਚਾਹੁੰਦੇ ਹੋ !

੨. ਕੁਰਹਿਤਾਂ ਤੋਂ ਬਚਾਉਣਾ ਚਾਹੁੰਦੇ ਹੋ।

੩. ਨਿਤਨੇਮ ਨਾਲ ਪ੍ਰੇਮ ਪੁਆਉਣਾ ਚਾਹੁੰਦੇ ਹੋ।

੪. ਕੀਰਤਨ ਰਸੀਏ ਬਣਾਉਣਾ ਚਾਹੁੰਦੇ ਹੋ।

੫. ਗੁਰਸੰਗਤ ਨਾਲ ਪ੍ਰੇਮ ਕਰਾਉਣਾ ਚਾਹੁੰਦੇ ਹੋ।

੬. ਛਕਿਆ ਅੰਮ੍ਰਿਤ ਸਫਲਾਉਣਾ ਚਾਹੁੰਦੇ ਹੋ

ਤਾਂ ਆਪਣੇ ਬਚਿਆਂ ਨੂੰ–

(੧) ਬਜ਼ਾਰੀ ਚੀਜ਼ਾਂ ਬਰਫ਼ ਤੇ ਸੋਢੇ ਆਦਿ ਤੋਂ ਬਚਾਉ।

(੨) ਮਠਿਆਈਆਂ ਤੇ ਹੋਰ ਚਟਕੀਲੀਆਂ ਚੀਜ਼ਾਂ ਖਾਣ ਤੋਂ ਹਟਾਉ।

(੩) ਗੰਦੇ ਸਿਨਮੇ ਹੁਕਮਨ ਦੇਖਣ ਤੋਂ ਹਟਾਉ।

(੪) ਗੰਦੇ ਫੈਸ਼ਨਾਂ ਤੋਂ ਬਚਾਉ।

(੫) ਘਟੀਆ ਕਿਤਾਬਾਂ ਤੇ ਰਿਸਾਲੇ ਪੜ੍ਹਨ ਤੋਂ ਹਟਾਉ।

ਕਿਉਂਕਿ ਗੁਰੂ ਹੁਕਮ ਹੈ– "ਹੋਰ ਖਾਣਾ" –ਹੋਰ ਪੈਨਣ ਮਨ ਨੂੰ ਵਿਕਾਰੀ ਬਣਾਉਂਦਾ ਹੈ ਤੇ ਗੁਰਮਤਿ ਵਲੋਂ ਅਭਿਜ ਰਖਦਾ ਹੈ।

www.AKJ.org